17-AUG-PAGE-1.qxd 8/16/2023 10:20 PM Page 1

ਵੀਰਵਾਰ, 17 ਅਗਸਤ, 2023
1 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 76

# ਨਵਾਂ ਜ਼ਮਾਨਾ

DAILY NAWAN ZAMANA • THURSDAY, 17 AUGUST, 2023 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮੋਦੀ ਨੂੰ ਸੱਤਾ ਤੋਂ ਲਾਂਭੇ ਹੋਣ ਦਾ ਡਰ

## ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਈਸੜੂ ਵਿਖੇ ਵਿਸ਼ਾਲ ਸਮਾਗਮ





**ਈਸੜੂ/ ਲੁਧਿਆਣਾ (ਮਨਿੰਦਰ ਭਾਟੀਆ/ ਗੁਰਮੇਲ ਮੈਲਡੇ/ ਹਰਮਿੰਦਰ ਸੇਠ/ ਜਗਦੀਸ਼ ਬੌਬੀ)**-ਸ਼ਹੀਦ ਕਰਨੈਲ ਸਿੰਘ ਈਸੜੂ, ਜਿਹਨਾ 1955 ਵਿਚ ਗੋਆ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਆਪਣੇ ਜੀਵਨ ਦਾ ਬਲੀਦਾਨ ਦਿੱਤਾ, ਨੂੰ ਸ਼ਰਧਾਂਜਲੀ ਭੇਟ ਕਰਨ ਲਈ ਅਤੇ ਉਨ੍ਹਾ ਦੇ ਦਿਖਾਏ ਹੋਏ ਰਾਹ 'ਤੇ ਚੱਲਣ ਲਈ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਵੱਲੋਂ ਉਨ੍ਹਾ ਦੇ ਪਿੰਡ ਈਸੜੂ ਵਿਖੇ ਵਿਸ਼ਾਲ ਸਮਾਗਮ ਕੀਤਾ ਗਿਆ। ਇਸ ਵਿੱਚ ਜ਼ਿਲ੍ਹੇ ਭਰ ਤੋਂ ਇਸਤਰੀਆਂ ਤੇ ਨੌਜਵਾਨਾਂ ਸਮੇਤ ਵੱਡੀ ਗਿਣਤੀ ਵਿੱਚ ਸਾਥੀ ਹੋਏ।

ਸਮਾਗਮ ਵਿੱਚ ਬੋਲਦਿਆਂ ਅਮਰਜੀਤ ਕੌਰ ਮੈਂਬਰ ਕੌਮੀ ਸਕੱਤਰੇਤ ਭਾਰਤੀ ਕਮਿਊਨਿਸਟ ਪਾਰਟੀ ਨੇ ਸੱਦਾ ਦਿੱਤਾ ਕਿ ਅੱਜ ਬਹੁਤ ਹੀ ਚੁਣੌਤੀ ਭਰਿਆ ਸਮਾਂ ਹੈ। ਇਕ ਵਾਰ ਫੇਰ ਦੇਸ਼ ਨੂੰ ਬਚਾਉਣ ਲਈ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਪਏਗਾ। ਲੋਕਾਂ ਦੇ ਮਸਲੇ ਹੱਲ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਇਹ ਸਰਕਾਰ ਹੁਣ ਦੇਸ਼ ਨੂੰ ਫਿਰਕੂ ਲੀਹਾਂ 'ਤੇ ਵੰਡ ਕੇ ਦੰਗੇ ਕਰਵਾਉਣ 'ਤੇ ਉੱਤਰ ਆਈ ਹੈ। ਪਿਛਲੇ ਦਿਨੀਂ ਜੋ ਕੁਝ ਹਰਿਆਣਾ ਦੇ ਨੂਹ ਵਿੱਚ ਵਾਪਰਿਆ, ਇੰਝ ਦੀਆਂ ਹੋਰ ਅਨੇਕਾਂ ਘਟਨਾਵਾਂ ਹੋ ਸਕਦੀਆਂ ਹਨ। ਆਜ਼ਾਦੀ ਦਿਵਸ 'ਤੇ ਲਾਲ ਕਿਲ੍ਹੇ ਤੋਂ ਬੋਲਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨ੍ਹਾਂ ਗੱਲਾਂ ਵੱਲ ਟੇਡੇ ਢੰਗ ਨਾਲ ਇਸ਼ਾਰਾ ਕਰ ਦਿੱਤਾ ਹੈ। ਘਿਨਾਉਣੀ ਗੱਲ ਪਿਛਲੇ ਦਿਨੀਂ ਜੋ ਵਾਪਰੀ ਕਿ ਮਨੀਪੁਰ ਵਿੱਚ ਔਰਤਾਂ ਨੂੰ ਨਿਰਵਸਤਰ ਕਰਕੇ ਬਦਸਲੂਕੀ ਕੀਤੀ ਗਈ, ਉਸ ਬਾਰੇ ਸੰਸਦ ਵਿੱਚ ਦੋ ਘੰਟੇ ਤੋਂ ਵੀ ਵੱਧ ਦੇ ਭਾਸ਼ਣ ਵਿੱਚ ਸਿਰਫ ਦੋ ਮਿੰਟ ਗੱਲ ਕਹੀ, ਜੋ ਸੰਵੇਦਨਹੀਣ ਸੀ। ਹੱਸ-ਹੱਸ ਕੇ ਤਾਹਨੇ ਮਾਰਦਿਆਂ ਸੰਸਦ ਵਿੱਚ ਐਸੇ ਮੌਕੇ 'ਤੇ ਇਸ ਕਿਸਮ ਨਾਲ ਬੋਲਣਾ ਪ੍ਰਧਾਨ ਮੰਤਰੀ ਨੂੰ ਸ਼ੋਭਾ ਨਹੀਂ ਦਿੰਦਾ। ਜਿਸ ਤਰੀਕੇ ਨਾਲ ਇਸਤਰੀ ਪਹਿਲਵਾਨਾਂ ਨਾਲ ਦੁਰਵਿਹਾਰ ਕੀਤਾ ਗਿਆ, ਇਹ ਪ੍ਰਧਾਨ ਮੰਤਰੀ ਦੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਅੱਜ ਦੇਸ਼ ਵਿੱਚ ਅੱਤ ਦੀ ਮਹਿੰਗਾਈ ਅਤੇ ਬੇਰੁਜ਼ਗਾਰੀ ਹੈ, ਜਿਸ ਕਰਕੇ ਲੋਕਾਂ ਵਿੱਚ ਰੋਸ ਫੈਲਿਆ ਹੈ। ਉਨ੍ਹਾ ਕਿਹਾ ਕਿ ਲਾਲ ਕਿਲ੍ਹੇ ਤੋਂ ਦਿੱਤਾ ਭਾਸ਼ਣ ਮੋਦੀ ਦੇ ਤੌਖਲੇ ਨੂੰ ਸਾਫ ਦਰਸਾਉਂਦਾ ਹੈ ਕਿ ਭਾਜਪਾ-ਆਰ ਐੱਸ ਐੱਸ 2024 ਦੀਆਂ ਆਮ ਚੋਣਾਂ ਵਿੱਚ ਸੱਤਾ ਤੋਂ ਹਟ ਰਹੀਆਂ ਹਨ।

ਸੀਨੀਅਰ ਕਮਿਊਨਿਸਟ ਆਗੂ ਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਨੇ ਆਰ ਐੱਸ ਐੱਸ ਅਤੇ ਭਾਜਪਾ ਖਿਲਾਫ ਬਣਾਏ ਗਏ ਮੋਰਚੇ ਬਾਰੇ ਕਿਹਾ ਕਿ ਜਦੋਂ ਦਾ ਇਨ੍ਹਾਂ ਪਾਰਟੀਆਂ ਦਾ ਮੋਰਚਾ ਬਣਿਆ ਹੈ, ਮੋਦੀ ਸਰਕਾਰ ਹੋਰ ਵੀ ਹੋਛੀਆਂ ਗੱਲਾਂ 'ਤੇ ਆ ਗਈ ਹੈ। ਉਨ੍ਹਾ ਪੰਜਾਬ ਵਿੱਚ ਫੈਲੇ ਹੋਏ ਨਸ਼ਿਆਂ ਲਈ

● ਬਾਕੀ ਸਫ਼ਾ 2 'ਤੇ

# ਹਿਮਾਚਲ 'ਚ ਭਾਰੀ ਜਾਨੀ ਤੇ ਪੰਜਾਬ 'ਚ ਮਾਲੀ ਹਾਨੀ

**ਸ਼ਿਮਲਾ** : ਬੁੱਧਵਾਰ ਸ਼ਿਮਲਾ ਦੇ ਸਮਰ ਹਿੱਲ ਨੇੜੇ ਢਹਿ-ਢੇਰੀ ਸ਼ਿਵ ਮੰਦਰ ਦੇ ਮਲਬੇ 'ਚੋਂ ਔਰਤ ਦੀ ਲਾਸ਼ ਕੱਢਣ ਨਾਲ ਰਾਜ 'ਚ ਮੀਂਹ ਦੇ ਕਹਿਰ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 60 ਹੋ ਗਈ। ਰਾਜ 'ਚ 19 ਅਗਸਤ ਤੱਕ ਭਾਰੀ ਬਾਰਸ਼ ਦੀ ਚਿਤਾਵਨੀ ਦਿੱਤੀ ਗਈ ਹੈ। ਹਿਮਾਚਲ 'ਚ ਹੋ ਰਹੀ ਬਰਸਾਤ ਕਾਰਨ ਭਾਖੜਾ ਡੈਮ 'ਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਦੇ ਨੇੜੇ ਢੁਕਣ 'ਤੇ ਡੈਮ ਦੇ ਫਲੱਡ ਗੇਟ ਖੋਲ੍ਹਣ ਨਾਲ ਰੂਪਨਗਰ ਜ਼ਿਲ੍ਹੇ ਦੇ ਪਿੰਡਾਂ ਅੰਦਰ ਦਹਿਸ਼ਤ ਫੈਲ ਗਈ ਹੈ ਤੇ ਭਾਜੜਾਂ ਪੈ ਗਈਆਂ ਹਨ। ਸਤਲੁਜ ਦਰਿਆ ਦਾ ਪਾਣੀ ਰੂਪਨਗਰ ਜ਼ਿਲ੍ਹੇ ਦੇ ਪਿੰਡਾਂ ਹਰਸ਼ਾ ਬੇਲਾ, ਚੰਦਪੁਰ, ਗੱਜਪੁਰ, ਹਰੀਵਾਲ, ਮਹਿੰਦਲੀ ਕਲਾਂ, ਬੇਲਾ ਧਿਆਨੀ, ਭਲਾਣ, ਪੱਤੀ ਦੁਲਚੀ 'ਚ ਦਾਖਲ ਹੋ ਗਿਆ ਹੈ। ਸਤਲੁਜ ਦਰਿਆ ਦੇ ਨਾਲ ਲਗਦੇ ਹੋਰ ਬਹੁਤ ਸਾਰੇ ਪਿੰਡਾਂ ਦੇ ਖੇਤਾਂ 'ਚ ਪਾਣੀ ਦਾਖਲ ਹੋ ਗਿਆ, ਜਿਸ ਨਾਲ ਲੋਕਾਂ ਦੀਆਂ ਫਸਲਾਂ ਤੇ ਹਰਾ ਚਾਰਾ ਨੁਕਸਾਨੇ ਗਏ ਹਨ। ਪਾਣੀ ਦਾ ਪੱਧਰ ਲਗਾਤਾਰ ਵਧਣ ਕਾਰਨ ਲੋਕਾਂ ਨੂੰ ਆਪਣੇ ਪਿੰਡਾਂ 'ਚ ਪਾਣੀ ਦਾਖਲ ਹੋਣ ਦਾ ਖਤਰਾ ਪੈਦਾ ਹੋ ਰਿਹਾ ਹੈ।

ਮੁਕੇਰੀਆਂ ਦੀ ਰਿਪੋਰਟ ਹੈ ਕਿ ਪੌਂਗ ਡੈਮ ਤੋਂ ਛੱਡੇ ਜਾ ਰਹੇ ਪਾਣੀ ਕਾਰਨ ਬਿਆਸ ਦਰਿਆ ਨਾਲ ਲੱਗਦੇ ਨੌਸ਼ਹਿਰਾ ਪੱਤਣ, ਮਹਿਤਾਬਪੁਰ, ਮੋਤਲਾ, ਹਲੇੜ ਜਨਾਰਦਨ, ਚੱਕ ਭਾਈਆਂ, ਬੇਲਾ ਸਰਿਆਣਾ, ਧਨੋਆ, ਚੱਕਵਾਲ ਸਮੇਤ ਦਰਜਨਾਂ ਪਿੰਡਾਂ ਦੇ ਹਾਲਾਤ ਭਿਆਨਕ ਬਣ ਗਏ ਹਨ। ਤਾਜ਼ਾ ਹਾਲਾਤ ਅਨੁਸਾਰ ਪਿੰਡ ਮਹਿਤਾਬਪੁਰ, ਹਲੇੜ ਜਨਾਰਦਨ, ਬੇਲਾ ਸਰਿਆਣਾ ਸਮੇਤ ਕੁਝ ਪਿੰਡ ਖਾਲੀ ਕਰਵਾਏ ਜਾ ਰਹੇ ਹਨ।

ਪੌਂਗ ਡੈਮ ਤੋਂ ਪਾਣੀ ਛੱਡਣ ਕਾਰਨ ਦਰਿਆ ਬਿਆਸ 'ਚ ਹੜ੍ਹ ਆ ਗਿਆ ਹੈ। ਕਈ ਥਾਵਾਂ ਤੋਂ ਧੁੱਸੀ

● ਬਾਕੀ ਸਫ਼ਾ 2 'ਤੇ

### ਤਿੰਨ ਪੀੜ੍ਹੀਆਂ ਦੇ 7 ਜੀਆਂ ਦੀ ਮੌਤ!

**ਸ਼ਿਮਲਾ** : ਸੋਮਵਾਰ ਇੱਥੋਂ ਨੇੜੇ ਸਮਰ ਹਿੱਲ 'ਚ ਸ਼ਿਵ ਮੰਦਰ ਦੇ ਢਹਿਣ ਕਾਰਨ ਇਕ ਪਰਵਾਰ ਦੇ ਤਿੰਨ ਪੀੜ੍ਹੀਆਂ ਦੇ 7 ਜੀਆਂ ਦੀ ਮੌਤ ਹੋ ਗਈ। ਜਦੋਂ ਮੰਦਰ ਡਿੱਗਿਆ ਅੰਦਰ ਤਿੰਨ ਬੱਚਿਆਂ ਸਣੇ ਪਰਵਾਰ ਦੇ 7 ਜੀਅ ਸਨ। ਮਰਨ ਵਾਲਿਆਂ ਵਿਚ ਪਵਨ ਸ਼ਰਮਾ, ਉਸ ਦੀ ਪਤਨੀ ਸੰਤੋਸ਼, ਬੇਟਾ ਅਮਨ, ਨੂੰਹ ਅਰਚਨਾ ਤੇ ਤਿੰਨ ਪੋਤੀਆਂ ਸ਼ਾਮਲ ਹਨ। ਪੰਜ ਲਾਸ਼ਾਂ ਮਿਲ ਗਈਆਂ ਹਨ ਤੇ ਦੋ ਹੋਰਨਾਂ ਦੀ ਭਾਲ ਕੀਤੀ ਜਾ ਰਹੀ ਹੈ।

# ਕਾਮਰੇਡ ਵਧਾਵਾ ਰਾਮ ਦੇ ਸੁਪਨਿਆਂ ਦਾ ਦੇਸ਼ ਬਣਾਉਣਾ ਅਜੋਕੇ ਸਮੇਂ ਦੀ ਮੁੱਖ ਲੋੜ : ਬਰਾੜ, ਪਾਸਲਾ, ਸੇਖੋਂ





**ਫਾਜ਼ਿਲਕਾ, (ਕ੍ਰਿਸ਼ਨ ਸਿੰਘ/ ਰਣਬੀਰ ਕੌਰ ਢਾਬਾਂ)**-ਕਿਸਾਨੀ ਲਹਿਰਾਂ ਦੇ ਹੀਰੋ, ਮਹਾਨ ਕਮਿਊਨਿਸਟ ਅਤੇ ਫਾਜ਼ਿਲਕਾ ਵਿਧਾਨ ਸਭਾ ਹਲਕੇ ਦੇ ਪਹਿਲੇ ਐੱਮ ਐੱਲ ਏ ਕਾਮਰੇਡ ਵਧਾਵਾ ਰਾਮ ਦਾ ਯਾਦਗਾਰੀ ਸਮਾਗਮ ਕਾਮਰੇਡ ਵਧਾਵਾ ਰਾਮ ਯਾਦਗਾਰ ਕਮੇਟੀ ਦੇ ਆਗੂਆਂ ਦਰਸ਼ਨ ਰਾਮ ਲਾਧੂਕਾ, ਮਹਿੰਗਾ ਰਾਮ ਕਟੈਹੜਾ ਅਤੇ ਦੁਨੀ ਚੰਦ ਭਾਬੜਾ ਦੀ ਪ੍ਰਧਾਨਗੀ ਹੇਠ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਬਰਾੜ, ਆਰ ਐੱਮ ਪੀ ਆਈ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕਾਮਰੇਡ ਵਧਾਵਾ ਰਾਮ ਨੇ ਆਪਣਾ ਸਮੁੱਚਾ ਜੀਵਨ ਲੋਕਾਈ ਲੇਖੇ ਲਾਇਆ। ਉਹਨਾ ਦੇ ਇਸ ਮਹਾਨ ਕਾਰਜ ਦੀ ਬਦੌਲਤ ਹੀ ਉਹ ਜੇਲ੍ਹ ਦੇ ਅੰਦਰ ਬੈਠਿਆਂ ਹੀ ਫਾਜ਼ਿਲਕਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ। ਆਗੂਆਂ ਨੇ ਦੱਸਿਆ ਕਿ ਜਿੱਥੇ ਅੱਜ ਆਜ਼ਾਦੀ ਦਿਵਸ ਮਨਾਇਆ ਜਾ ਰਿਹਾ ਹੈ, ਜਿਹੜੀ ਕਿ ਹਜ਼ਾਰਾਂ ਦੇਸ਼ ਭਗਤਾਂ ਦੀ ਕੁਰਬਾਨੀ ਤੋਂ ਬਾਅਦ ਮਿਲੀ ਸੀ, ਉਥੇ ਦੂਸਰੇ ਪਾਸੇ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ 76 ਸਾਲਾਂ ਤੋਂ ਵਾਰੋਵਾਰੀ ਰਾਜ ਕਰਦੀਆਂ ਆ ਰਹੀਆਂ ਧਿਰਾਂ ਨੇ ਦੇਸ਼ ਦੀ ਜਨਤਾ ਨੂੰ ਰੱਜ ਕੇ ਲੁੱਟਿਆ ਅਤੇ ਕੁੱਟਿਆ ਅਤੇ ਧਰਮਾਂ ਅਤੇ ਜਾਤਾਂ ਦੇ ਨਾਂਅ 'ਤੇ ਲੋਕਾਂ ਨੂੰ ਲੜਾ ਕੇ ਉਹਨਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਕੋਹਾਂ ਦੂਰ ਰੱਖਿਆ। ਜਦੋਂ ਦੀ ਮੋਦੀ ਦੀ ਅਗਵਾਈ 'ਚ ਭਾਜਪਾ ਦੀ ਸਰਕਾਰ 2014 ਤੋਂ ਸੱਤਾ ਵਿੱਚ ਆਈ ਹੈ, ਉਦੋਂ ਤੋਂ ਇਹ ਭੇਦਭਾਵ ਵੱਡੀ ਪੱਧਰ 'ਤੇ ਵਧਿਆ ਹੈ। ਆਰਥਕ ਪਾੜਾ ਏਨਾ ਵਧਿਆ ਹੈ ਕਿ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਉਲਟਾ ਉਨ੍ਹਾਂ ਕੋਲੋਂ ਰੁਜ਼ਗਾਰ ਖੋਹਿਆ ਜਾ ਰਿਹਾ ਹੈ ਤੇ ਦੇਸ਼ ਦੀ ਜਵਾਨੀ ਅਤੇ ਆਮ ਲੋਕ ਬੇਰੁਜ਼ਗਾਰੀ, ਭੁੱਖਮਰੀ ਅਤੇ ਨਸ਼ਿਆਂ ਵਰਗੀਆਂ ਅਲਾਮਤਾਂ ਦੀ ਚੱਕੀ ਵਿੱਚ ਪਿਸ ਰਹੇ ਹਨ ਤੇ ਮੋਦੀ-ਸ਼ਾਹ ਦੀ ਜੋੜੀ ਵੱਲੋਂ ਅਡਾਨੀ ਵਰਗੇ ਚੰਦ ਘਰਾਣਿਆਂ ਨੂੰ ਦੇਸ਼ ਦੇ ਸਾਰੇ ਕਮਾਈ ਦੇ ਸਾਧਨ ਕੌਡੀਆਂ ਦੇ ਭਾਅ ਵੇਚੇ ਜਾ ਰਹੇ ਹਨ। ਉਹਨਾ ਕਿਹਾ ਕਿ ਪੰਜਾਬ ਦੀ ਵਿਗੜਦੀ ਅਮਨ-ਕਾਨੂੰਨ ਦੀ ਸਥਿਤੀ ਵੱਲ ਕਿਸੇ ਦਾ ਕੋਈ ਧਿਆਨ ਨਹੀਂ।

ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਹੰਸ ਰਾਜ ਗੋਲਡਨ ਅਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆਂ ਨੇ ਕਿਹਾ ਕਾਮਰੇਡ ਵਧਾਵਾ ਰਾਮ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਉਹਨਾ ਦੇ ਜੀਵਨ ਤੋਂ ਸੇਧ ਲੈ ਕੇ ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਸਾਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ

● ਬਾਕੀ ਸਫ਼ਾ 2 'ਤੇ

# ਭਾਜਪਾ ਨਾਲ ਨਹੀਂ ਜਾ ਰਿਹਾ : ਪਵਾਰ

**ਮੁੰਬਈ** : ਇਨ੍ਹਾਂ ਮੀਡੀਆ ਰਿਪੋਰਟਾਂ ਕਿ ਭਾਜਪਾ ਨੇ ਸ਼ਰਦ ਪਵਾਰ ਨੂੰ ਕੇਂਦਰ ਵਿਚ ਖੇਤੀ ਮੰਤਰੀ ਜਾਂ ਨੀਤੀ ਆਯੋਗ ਦੇ ਚੇਅਰਮੈਨ ਦਾ ਅਹੁਦਾ ਦੇਣ ਦੇ ਨਾਲ-ਨਾਲ ਉਨ੍ਹਾ ਦੀ ਧੀ ਸੁਪ੍ਰਿਆ ਸੂਲੇ ਨੂੰ ਮੰਤਰੀ ਬਣਾਉਣ ਦੀ ਪੇਸ਼ਕਸ਼ ਕੀਤੀ ਹੈ, ਪਵਾਰ ਨੇ ਬੁੱਧਵਾਰ ਕਿਹਾ—ਇਸ ਵਿਚ ਸੱਚਾਈ ਨਹੀਂ। ਭਤੀਜੇ ਅਜੀਤ ਪਵਾਰ ਨਾਲ ਮੀਟਿੰਗਾਂ ਵਿਚ ਕੋਈ ਸਿਆਸੀ ਚਰਚਾ ਨਹੀਂ ਹੋਈ।

ਉਨ੍ਹਾ ਕਿਹਾ—ਭਾਜਪਾ ਰਾਜ ਸਰਕਾਰਾਂ ਨੂੰ ਅਸਥਿਰ ਕਰ ਰਹੀ ਹੈ। ਮੈਂ ਭਾਜਪਾ ਤੇ ਉਸ ਦੇ ਸਾਥੀਆਂ ਨਾਲ ਲੜਨ ਦੀ ਨੀਤੀ ਬਣਾ ਰਿਹਾ ਹਾਂ। 'ਇੰਡੀਆ' ਦੀ ਅਗਲੀ ਬੈਠਕ ਮੁੰਬਈ ਵਿਚ ਹੋਵੇਗੀ। ਇਸ ਦੀ ਸਫਲਤਾ ਲਈ ਤਿਆਰੀ ਕਰ ਰਿਹਾ ਹਾਂ। ਮੈਂ 8-10 ਦਿਨ ਤੋਂ ਰਾਜ ਦਾ ਦੌਰਾ ਕਰ ਰਿਹਾ ਹਾਂ ਤੇ ਲੋਕ ਮੇਰੇ ਰੁਖ ਦੀ ਤਾਰੀਫ ਕਰ ਰਹੇ ਹਨ।

ਸਾਬਕਾ ਕਾਂਗਰਸੀ ਮੁੱਖ ਮੰਤਰੀ ਪ੍ਰਿਥਵੀ ਰਾਜ ਚਵਾਨ ਨੇ ਵੀ ਦਾਅਵਾ ਕੀਤਾ ਸੀ ਕਿ ਭਾਜਪਾ ਨੇ ਪਵਾਰ ਨੂੰ ਕੈਬਨਿਟ ਮੰਤਰੀ ਦਾ ਅਹੁਦਾ ਪੇਸ਼ ਕੀਤਾ ਹੈ। ਇਸੇ ਸੰਬੰਧ ਵਿਚ ਅਜੀਤ ਪਵਾਰ ਉਨ੍ਹਾ ਨਾਲ ਮੀਟਿੰਗਾਂ ਕਰ ਰਹੇ ਹਨ।

ਉਧਰ, ਸੁਪ੍ਰਿਆ ਸੂਲੇ ਨੇ ਕਿਹਾ ਕਿ ਅਜੀਤ ਪਵਾਰ ਪਰਵਾਰ ਦੇ ਮੈਂਬਰ ਹਨ ਤੇ ਉਨ੍ਹਾ ਨੂੰ ਪਤਾ ਨਹੀਂ ਕਿ ਉਨ੍ਹਾ ਦੀਆਂ ਪਵਾਰ ਨਾਲ ਮੀਟਿੰਗਾਂ ਵਿਚ ਕੀ ਗੱਲ ਹੋਈ ਹੈ। ਉਨ੍ਹਾ ਕਿਹਾ ਕਿ ਉਨ੍ਹਾ ਨੂੰ ਭਾਜਪਾ ਵੱਲੋਂ ਕੋਈ ਪੇਸ਼ਕਸ਼ ਨਹੀਂ ਹੋਈ।

# ਕਾਰ ਟਰੱਕ 'ਚ ਵੱਜਣ ਨਾਲ ਮਹਿਲਾ ਦੀ ਮੌਤ

**ਕਰਤਾਰਪੁਰ** : ਇੱਥੇ ਜੰਗ-ਏ-ਆਜ਼ਾਦੀ ਸਮਾਰਕ ਸਾਹਮਣੇ ਖੜ੍ਹੇ ਟਰੱਕ ਦੇ ਪਿੱਛੇ ਕਾਰ ਵੱਜਣ ਨਾਲ ਮਹਿਲਾ ਦੀ ਮੌਕੇ 'ਤੇ ਮੌਤ ਹੋ ਗਈ। ਬਲਦੇਵ ਸਿੰਘ (66) ਆਪਣੀ ਪਤਨੀ ਬਲਦੇਵ ਕੌਰ ਵਾਸੀ ਰਾਮੂ ਦੀ ਪੱਤੀ ਪਿੰਡ ਢਿੱਲਵਾਂ ਨਾਲ ਜਲੰਧਰ ਦੇ ਹਸਪਤਾਲ ਤੋਂ ਆਪਣੀ ਡਾਇਲਸਿਸ ਕਰਵਾ ਕੇ ਢਿੱਲਵਾਂ ਜਾ ਰਿਹਾ ਸੀ ਕਿ ਟਰੱਕ ਵਿਚ ਕਾਰ ਜਾ ਵੱਜੀ ਅਤੇ ਹੇਠਾਂ ਫਸ ਗਈ। ਹਾਦਸੇ ਵਿਚ ਬਲਦੇਵ ਕੌਰ ਦੀ ਮੌਤ ਹੋ ਗਈ। ਬਲਦੇਵ ਸਿੰਘ ਨੇ ਦੱਸਿਆ ਕਿ ਕਾਰ ਅੱਗੇ ਅਚਾਨਕ ਮੋਟਰਸਾਈਕਲ ਸਵਾਰ ਦੋ ਨੌਜਵਾਨ ਆ ਗਏ ਅਤੇ ਕਾਰ ਬੇਕਾਬੂ ਹੋ ਕੇ ਟਰੱਕ ਦੇ ਪਿੱਛੇ ਜਾ ਵੱਜੀ।

# ਪੰਜਾਬੀਆਂ ਨੂੰ ਵਤਨਪ੍ਰਸਤੀ ਲਈ 'ਫਰਜ਼ੀ ਰਾਸ਼ਟਰਵਾਦੀਆਂ' ਤੋਂ ਐੱਨ ਓ ਸੀ ਲੈਣ ਦੀ ਲੋੜ ਨਹੀਂ : ਮਾਨ



**ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾ ਕੇ ਆਜ਼ਾਦੀ ਘੁਲਾਟੀਆਂ, ਸ਼ਹੀਦਾਂ ਅਤੇ ਕੌਮੀ ਨਾਇਕਾਂ ਦੇ ਸੁਪਨੇ ਸਾਕਾਰ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਇਸ ਨੇਕ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਆਪਣੇ ਖ਼ੂਨ ਦਾ ਇਕ-ਇਕ ਕਤਰਾ ਲੇਖੇ ਲਾ ਦੇਣਗੇ।

ਆਜ਼ਾਦੀ ਦਿਹਾੜੇ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਇੱਥੇ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬੀਆਂ ਵਿਚ ਪੈਦਾਇਸ਼ੀ ਤੌਰ ਉਤੇ ਅਗਵਾਈ ਕਰਨ ਦੀ ਕਾਬਲੀਅਤ ਹੁੰਦੀ ਹੈ ਅਤੇ ਇਹ ਕਿਸੇ ਵੀ ਖੇਤਰ ਵਿਚ ਪਿੱਛੇ ਨਹੀਂ ਰਹਿ ਸਕਦੇ, ਪਰ ਪੰਜਾਬੀਆਂ ਦੀ ਬੇਅੰਤ

● ਬਾਕੀ ਸਫ਼ਾ 2 'ਤੇ

# ਐਕਸੀਅਨਾਂ ਨੂੰ ਮੰਗ ਪੱਤਰ ਦੇ ਕੇ ਰੋਸ ਪ੍ਰਗਟ



**ਪਟਿਆਲਾ** : ਪੀ ਐੱਸ ਈ ਬੀ ਇੰਪਲਾਈਜ਼ ਜਾਇੰਟ ਫੋਰਮ ਦੇ ਸੱਦੇ 'ਤੇ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਿਜ਼ ਯੂਨੀਅਨ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਰਜਿ:, ਇੰਪਲਾਈਜ਼ ਫੈਡਰੇਸ਼ਨ ਪੰਜਾਬ ਰਾਜ ਬਿਜਲੀ ਬੋਰਡ (ਸੁਰਿੰਦਰ ਸਿੰਘ ਪਹਿਲਵਾਨ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ, ਵਰਕਰਜ਼ ਫੈਡਰੇਸ਼ਨ ਇੰਟਕ, ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ), ਥਰਮਲਜ਼ ਇੰਪਲਾਈਜ਼ ਕੁਆਰਡੀਨੇਸ਼ਨ ਕਮੇਟੀ, ਹੈੱਡ ਆਫਿਸ ਇੰਪਲਾਈਜ਼ ਫੈਡਰੇਸ਼ਨ ਅਤੇ ਸਬ-ਸਟੇਸ਼ਨ ਸਟਾਫ ਵੈੱਲਫੇਅਰ ਐਸੋਸੀਏਸ਼ਨ ਦੇ ਬਿਜਲੀ ਕਾਮਿਆਂ ਵੱਲੋਂ ਪੰਜਾਬ ਦੇ ਸਮੁੱਚੇ ਮੰਡਲ ਦਫਤਰਾਂ ਦੇ ਸੀਨੀਅਰ ਕਾਰਜਕਾਰੀ ਇੰਜੀਨੀਅਰਾਂ ਅਤੇ ਵਧੀਕ ਨਿਗਰਾਨ ਇੰਜੀਨੀਅਰਾਂ ਨੂੰ ਡੈਪੂਟੇਸ਼ਨਾਂ ਰਾਹੀਂ ਮੰਗ ਪੱਤਰ ਦੇ ਕੇ ਪਰਖ ਕਾਲ ਪੂਰਾ ਕਰ ਚੁੱਕੇ ਕਰਮਚਾਰੀਆਂ ਨੂੰ ਪੂਰਾ ਤਲਖਾਹ ਸਕੇਲ ਦੇਣ, ਕਥਿਤ ਇਨਕੁਆਰੀ ਦੇ ਨਾਂਅ 'ਤੇ ਸੀ ਆਰ ਏ 295/19 ਰਾਹੀਂ ਭਰਤੀ ਸਹਾਇਕ ਲਾਈਨਮੈਨਾਂ ਨੂੰ ਤੰਗ-

● ਬਾਕੀ ਸਫ਼ਾ 2 'ਤੇ

# ਅੱਜ-ਨਾਮਾ

ਛੱਡਣਾ ਪਾਣੀ ਪਿਆ ਭਾਖੜੇ ਡੈਮ ਤਰਫੋਂ,
ਫਿਰ ਤੋਂ ਲੱਗਾ ਪੰਜਾਬ ਨੂੰ ਆਉਣ ਬੇਲੀ।
ਨੇੜਲੇ ਪਿੰਡਾਂ ਦੇ ਅੰਦਰ ਆ ਝੱਟ ਪਹੁੰਚਾ,
ਲੱਗਾ ਫੇਰ ਆ ਮੁਸ਼ਕਲ ਵਧਾਉਣ ਬੇਲੀ।
ਡੁੱਬੀ ਪਹਿਲਾਂ ਦੀ ਫਸਲ ਸੀ ਖੇਤ ਅੰਦਰ,
ਔਖਾ ਈ ਜਾਨ ਤੇ ਮਾਲ ਬਚਾਉਣ ਬੇਲੀ।
ਛੱਡਿਆ ਪੌਂਗ ਦੇ ਡੈਮ ਤੋਂ ਗਿਆ ਜਿਹੜਾ,
ਲੱਗਾ ਏ ਲੋਕਾਂ ਦੀ ਰੋਟੀ ਛੁਡਾਉਣ ਬੇਲੀ।
ਦੋਵੇਂ ਤਰਫ ਤੋਂ ਉੱਛਲਦਾ ਪਿਆ ਪਾਣੀ,
ਮਾਝੇ-ਮਾਲਵੇ ਦੀ ਔਖੀ ਹੈ ਘੜੀ ਬੇਲੀ।
ਦੋਆਬਾ ਦੋਵਾਂ ਦੇ ਐਨ ਵਿਚਕਾਰ ਬੇਲੀ,
ਮੁਸ਼ਕਲ ਓਸ ਦੀ ਹੋਰ ਆ ਬੜੀ ਬੇਲੀ।

-ਤੀਸ ਮਾਰ ਖਾਂ

# ਭਰਾ ਨਾਲ ਮਿਲ ਕੇ ਪਤਨੀ ਕਤਲ !

**ਮਲੋਟ (ਗੁਰਮੀਤ ਸਿੰਘ ਮੱਕੜ)**-ਮਲੋਟ ਨਜ਼ਦੀਕੀ ਪਿੰਡ ਰੱਤਾ ਟਿੱਬਾ ਦੇ ਖੇਤਾਂ ਵਿਚੋਂ ਇੱਕ ਔਰਤ ਦੀ ਖੇਤਾਂ ਵਿਚੋਂ ਲਾਸ਼ ਮਿਲੀ। ਉਸ ਦੀ ਪਛਾਣ ਰਮਨਦੀਪ ਕੌਰ ਪਤਨੀ ਮਨਪ੍ਰੀਤ ਸਿੰਘ ਵਾਸੀ ਰੱਤਾ ਟਿੱਬਾ ਵਜੋਂ ਹੋਈ ਹੈ। ਮ੍ਰਿਤਕਾ ਦੇ ਪਿਤਾ ਤੇ ਰਿਸ਼ਤੇਦਾਰ ਨੇ ਦੱਸਿਆ ਕਿ ਰਮਨਦੀਪ ਕੌਰ ਦੇ ਕੁੜੀਆਂ ਹਨ ਅਤੇ ਇੱਕ ਬੱਚਾ ਹੋਣ ਵਾਲਾ ਸੀ। ਉਨ੍ਹਾਂ ਦੱਸਿਆ ਕਿ ਲੜਕੀ ਦਾ ਪਤੀ ਅਤੇ ਉਸ ਦਾ ਸਹੁਰਾ ਪਰਵਾਰ ਉਸ ਦੀ ਕੁੱਟਮਾਰ ਕਰਦਾ ਰਹਿੰਦਾ ਸੀ ਅਤੇ ਜਾਨੋਂ ਮਾਰਨ ਦੀ ਧਮਕੀ ਦਿੰਦੇ ਸਨ। ਉਹਨਾਂ ਉਸ ਦਾ ਕਤਲ ਕਰਕੇ ਲਾਸ਼ ਨੂੰ ਖੇਤਾਂ ਵਿਚ ਸੁੱਟ ਦਿੱਤਾ। ਪੁਲਸ ਚੌਕੀ ਇੰਚਾਰਜ ਇਕਬਾਲ ਸਿੰਘ ਨੇ ਦੱਸਿਆ ਕਿ ਉਨ੍ਹਾ ਨੂੰ ਸੂਚਨਾ ਮਿਲੀ ਸੀ ਕਿ ਖੇਤਾਂ ਵਿਚ ਇੱਕ ਔਰਤ ਦੀ ਲਾਸ਼ ਪਈ ਹੈ।

● ਬਾਕੀ ਸਫ਼ਾ 2 'ਤੇ



ਨਵਾਂ ਜ਼ਮਾਨਾ

ਵੀਰਵਾਰ, 17 ਅਗਸਤ 2023


# ਲਾਲ ਕਿਲ੍ਹੇ ਤੋਂ ਚੋਣ ਤਕਰੀਰ

*ਅੱਧਾ ਸੱਚ-ਸਫੈਦ ਝੂਠ, ਦੂਜਿਆਂ ਨੂੰ ਭੰਡਣਾ, ਨਵੇਂ-ਨਵੇਂ ਸ਼ਗੂਫੇ, ਧਾਰਮਕ ਤੇ ਫਿਰਕੂ ਪ੍ਰਤੀਕਾਂ ਦੀ ਵਰਤੋਂ ਅਤੇ ਆਤਮ-ਪ੍ਰਸੰਸਾ। ਇਹ ਪੰਜ ਪ੍ਰਮੁੱਖ ਤੱਤ ਹੁੰਦੇ ਹਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਰ ਭਾਸ਼ਣ ਦੇ। ਇਸੇ ਤਰ੍ਹਾਂ ਦਾ ਭਾਸ਼ਣ ਉਨ੍ਹਾ 15 ਅਗਸਤ ਨੂੰ ਲਾਲ ਕਿਲ੍ਹੇ ਦੀ ਫਸੀਲ ਤੋਂ ਦਿੱਤਾ। 'ਦੇਸ਼ ਵਾਸੀਆਂ' ਦੀ ਥਾਂ '140 ਕਰੋੜ' ਫੈਮਿਲੀ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਆਪਣੀ ਸਰਕਾਰ ਦੇ ਪਿਛਲੇ ਸਾਢੇ 9 ਸਾਲ ਦਾ ਰਿਪੋਰਟ ਕਾਰਡ ਪੇਸ਼ ਕਰਨ ਦੇ ਨਾਲ ਹੀ ਕਿਹਾ—ਅਗਲੇ ਸਾਲ 15 ਅਗਸਤ ਨੂੰ ਵੀ ਮੈਂ ਹੀ ਲਾਲ ਕਿਲ੍ਹੇ 'ਤੇ ਝੰਡਾ ਲਹਿਰਾਉਣ ਆਵਾਂਗਾ ਤੇ ਜਿਨ੍ਹਾਂ ਯੋਜਨਾਵਾਂ ਦੇ ਨੀਂਹ ਪੱਥਰ ਰੱਖੇ ਜਾ ਰਹੇ ਹਨ, 2024 ਦੇ ਬਾਅਦ ਉਨ੍ਹਾਂ ਦੇ ਉਦਘਾਟਨ ਵੀ ਅਸੀਂ ਹੀ ਕਰਾਂਗੇ।*

*ਪਰਵਾਰਵਾਦ ਮੋਦੀ ਦਾ ਸਭ ਤੋਂ ਪਸੰਦੀਦਾ ਮੁੱਦਾ ਹੈ। ਇਸ ਦਾ ਉਨ੍ਹਾ ਵਿਸਥਾਰ ਨਾਲ ਜ਼ਿਕਰ ਕਰਦਿਆਂ ਕਿਹਾ ਕਿ ਪਰਵਾਰਵਾਦੀ ਸਿਆਸਤ ਦੇਸ਼ ਨੂੰ ਖੋਖਲਾ ਕਰ ਰਹੀ ਹੈ ਤੇ ਪਰਵਾਰਵਾਦੀ ਸਿਆਸਤ ਕਰਨ ਵਾਲੇ ਹੀ ਭ੍ਰਿਸ਼ਟਾਚਾਰ ਤੇ ਤੁਸ਼ਟੀਕਰਨ ਨੂੰ ਬੜ੍ਹਾਵਾ ਦੇ ਰਹੇ ਹਨ, ਜਿਸ ਨਾਲ ਸਮਾਜੀ ਨਿਆਂ ਦੀ ਲੜਾਈ ਕਮਜ਼ੋਰ ਪੈ ਰਹੀ ਹੈ। ਆਰ ਐੱਸ ਐੱਸ ਤੋਂ ਮਿਲੀ ਸਿੱਖਿਆ ਮੁਤਾਬਕ ਮੋਦੀ ਮੁਸਲਮ ਹੁਕਮਰਾਨਾਂ ਦਾ ਜ਼ਿਕਰ ਕਰਨਾ ਨਹੀਂ ਭੁੱਲਦੇ। ਐਤਵੀਂ ਵੀ ਗੁਲਾਮੀ ਦੇ ਕਾਲਖੰਡ ਦਾ ਜ਼ਿਕਰ ਕਰਦਿਆਂ ਮੁਸਲਮ ਹੁਕਮਰਾਨਾਂ ਦਾ ਜ਼ਿਕਰ ਕੀਤਾ, 200 ਸਾਲ ਦੀ ਬ੍ਰਿਟਿਸ਼ ਹਕੂਮਤ ਦਾ ਨਹੀਂ। ਆਪਣੇ ਤੋਂ ਪਹਿਲਾਂ ਦੀਆਂ ਸਰਕਾਰਾਂ ਦੇ ਕੰਮਾਂ ਨੂੰ ਨਕਾਰਦਿਆਂ ਕਿਹਾ ਕਿ 2014 ਵਿਚ ਉਨ੍ਹਾ ਦੇ ਸੱਤਾ 'ਚ ਆਉਣ ਤੋਂ ਪਹਿਲਾਂ ਤਿੰਨ ਦਹਾਕੇ ਤੱਕ ਰਹੀਆਂ ਕੁਲੀਸ਼ਨ ਸਰਕਾਰਾਂ ਨੇ ਕੋਈ ਕੰਮ ਨਹੀਂ ਕੀਤਾ। ਆਪਣੀ ਪਿੱਠ ਥਪਥਪਾਉਂਦਿਆਂ ਕਿਹਾ ਕਿ 2014 ਵਿਚ ਦੇਸ਼ ਨੂੰ ਪਹਿਲੀ ਵਾਰ ਪੂਰਨ ਬਹੁਮਤ ਵਾਲੀ ਤੇ ਮਜ਼ਬੂਤ ਸਰਕਾਰ ਮਿਲੀ, ਜਿਸ ਨੇ ਦੇਸ਼ ਨੂੰ ਦਲਦਲ ਵਿੱਚੋਂ ਕੱਢ ਕੇ ਵਿਕਾਸ ਦੇ ਰਾਹ 'ਤੇ ਤੇਜ਼ੀ ਨਾਲ ਅੱਗੇ ਵਧਾਇਆ। ਵਲਵਲੇਵਾਂ ਪਾ ਕੇ ਦੇਸ਼ ਵਾਸੀਆਂ ਤੋਂ 2024 ਵਿਚ ਵੀ ਜਿਤਾਉਣ ਦੀ ਮੰਗ ਕਰਦਿਆਂ ਕਿਹਾ ਕਿ ਇਹ ਮੰਨ ਕੇ ਚੱਲੋ ਕੇ ਉਹ ਜੋ ਕਦਮ ਚੁੱਕਣਗੇ, ਉਹ ਭਾਰਤ ਲਈ ਇਕ ਹਜ਼ਾਰ ਸਾਲ ਤੱਕ ਦੀ ਦਿਸ਼ਾ ਨਿਰਧਾਰਤ ਕਰਨ ਵਾਲੇ ਹੋਣਗੇ। ਇਸ ਤੋਂ ਪਹਿਲਾਂ ਮੋਦੀ 25-30 ਸਾਲ ਦੀ ਗੱਲ ਕਰਦੇ ਰਹੇ ਹਨ, ਪਰ ਇਸ ਵਾਰ ਲੰਮੀ ਛਾਲ ਮਾਰਦਿਆਂ ਸਿੱਧੇ ਇਕ ਹਜ਼ਾਰ ਸਾਲ ਦੀ ਗੱਲ ਕਹਿ ਦਿੱਤੀ। ਮੋਦੀ ਆਪਣੀ ਪਿੱਠ ਜਿੰਨੀ ਮਰਜ਼ੀ ਥਪਥਪਾਉਣ, ਅਸਲ ਵਿਚ ਭਾਰਤ ਦੀ ਅਰਥ ਵਿਵਸਥਾ ਨੂੰ ਰਫਤਾਰ ਦੇਣ ਦਾ ਕੰਮ 2004 ਤੋਂ 2014 ਤੱਕ ਹੋਇਆ। ਜਦੋਂ 2004 ਵਿਚ ਅਟੱਲ ਬਿਹਾਰੀ ਵਾਜਪਾਈ ਦੀ ਸਰਕਾਰ ਹਟੀ, ਉਦੋਂ ਭਾਰਤ ਦੀ ਕੁਲ ਘਰੇਲੂ ਪੈਦਾਵਾਰ (ਜੀ ਡੀ ਪੀ) 722 ਅਰਬ ਡਾਲਰ ਸੀ ਤੇ 2014 ਵਿਚ ਵਧ ਕੇ 2039 ਅਰਬ ਡਾਲਰ ਹੋ ਗਈ, ਯਾਨੀ 10 ਸਾਲ ਵਿਚ ਤਿੰਨ ਗੁਣਾ ਵਧੀ। ਇਸ ਦੇ ਬਾਅਦ 2014-15 ਤੋਂ 2023 ਤੱਕ ਮੋਦੀ ਰਾਜ ਵਿਚ ਇਹ 3737 ਅਰਬ ਡਾਲਰ ਤੱਕ ਪੁੱਜੀ। ਇਹ ਵਾਧਾ 84 ਫੀਸਦੀ ਦਾ ਰਿਹਾ, ਜਦਕਿ ਮਨਮੋਹਨ ਸਿੰਘ ਦੇ ਸਮੇਂ 183 ਫੀਸਦੀ ਦਾ ਵਾਧਾ ਹੋਇਆ ਸੀ। ਮੋਦੀ ਭਾਵੇਂ ਦੇਸ਼ ਨੂੰ ਦੁਨੀਆ ਦੀ ਤੀਜੇ ਨੰਬਰ ਦੀ ਅਰਥ ਵਿਵਸਥਾ ਬਣਾਉਣ ਦੇ ਦਾਅਵੇ ਕਰ ਰਹੇ ਹਨ, ਪਰ ਦੇਸ਼ ਦੀ ਅਸਲੀ ਆਰਥਕ ਤਸਵੀਰ ਪ੍ਰਤੀ ਵਿਅਕਤੀ ਆਮਦਨ ਤੋਂ ਪਤਾ ਲੱਗਦੀ ਹੈ, ਜਿਸ ਵਿਚ ਭਾਰਤ ਸਿਖਰਲੇ 10 ਦੇਸ਼ਾਂ ਵਿਚ ਵੀ ਨਹੀਂ ਆਉਂਦਾ, ਪਰ ਮੋਦੀ ਇਸ ਦੀ ਕਦੇ ਚਰਚਾ ਨਹੀਂ ਕਰਦੇ।*

*ਮੋਦੀ ਨੇ ਆਪਣੇ ਭਾਸ਼ਣ ਵਿਚ 2022 ਤੱਕ ਹਰ ਵਿਅਕਤੀ ਨੂੰ ਘਰ ਤੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਵਾਅਦਿਆਂ ਦਾ ਜ਼ਿਕਰ ਨਹੀਂ ਕੀਤਾ। ਹਰ ਸਾਲ ਦੋ ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਦਾ ਤੇ ਬੇਰੁਜ਼ਗਾਰੀ ਦਾ ਵੀ ਜ਼ਿਕਰ ਨਹੀਂ ਕੀਤਾ। ਵਧ ਰਹੀ ਮਹਿੰਗਾਈ ਨੂੰ ਦੁਨੀਆ ਵਿਚ ਵਾਪਰ ਰਹੀਆਂ ਘਟਨਾਵਾਂ ਨਾਲ ਜੋੜ ਦਿੱਤਾ ਤੇ ਆਪਣਾ ਦਾਮਨ ਬਚਾਉਣ ਦੀ ਕੋਸ਼ਿਸ਼ 'ਚ ਦਾਅਵਾ ਕੀਤਾ ਕਿ ਜੇ ਉਨ੍ਹਾ ਦੀ ਸਰਕਾਰ ਨੇ ਮਹਿੰਗਾਈ 'ਤੇ ਕੰਟਰੋਲ ਕਰਨ ਦੇ ਉਪਾਅ ਨਾ ਕੀਤੇ ਹੁੰਦੇ ਤਾਂ ਹਾਲਾਤ ਹੋਰ ਜ਼ਿਆਦਾ ਗੰਭੀਰ ਹੋ ਜਾਣੇ ਸਨ। ਕੁੱਲ ਮਿਲਾ ਕੇ ਪ੍ਰਧਾਨ ਮੰਤਰੀ ਦਾ ਭਾਸ਼ਣ ਚੋਣ ਰੈਲੀ ਵਰਗਾ ਸੀ, ਜਿਸ ਵਿਚ ਉਨ੍ਹਾ ਆਪਣੇ ਸਮਰਥਕ ਵਰਗ ਨੂੰ ਸੰਬੋਧਨ ਕੀਤਾ।*

# ਵਾਤਾਵਰਣਕ ਵਿਗਿਆਨ ਅਤੇ ਵਾਤਾਵਰਣਕ ਫਾਸ਼ੀਵਾਦ



ਪਵਨ ਕੁਮਾਰ ਕੌਸ਼ਲ

ਈਕੋਫਾਸ਼ਿਜ਼ਮ ਇੱਕ ਸ਼ਬਦ ਹੈ, ਜੋ ਵਿਅਕਤੀਆਂ ਅਤੇ ਸਮੂਹਾਂ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ, ਜੋ ਵਾਤਾਵਰਣਵਾਦ ਨੂੰ ਫਾਸ਼ੀਵਾਦੀ ਦ੍ਰਿਸ਼ਟੀਕੋਣਾਂ ਅਤੇ ਰਣਨੀਤੀਆਂ ਨੂੰ ਫਾਸ਼ੀਵਾਦ ਨਾਲ ਜੋੜਦੇ ਹਨ। ਇੱਕ ਸਮਾਜ ਨੂੰ ਸੰਗਠਿਤ ਕਰਨ ਦਾ ਇੱਕ ਤਰੀਕਾ, ਜਿਸ ਵਿੱਚ ਇੱਕ ਤਾਨਾਸ਼ਾਹ ਦੁਆਰਾ ਸ਼ਾਸਨ ਵਾਲੀ ਸਰਕਾਰ ਲੋਕਾਂ ਦੇ ਜੀਵਨ ਨੂੰ ਨਿਯੰਤਰਿਤ ਕਰਦੀ ਹੈ ਅਤੇ ਜਿਸ ਵਿੱਚ ਲੋਕਾਂ ਨੂੰ ਸਰਕਾਰ ਨਾਲ ਅਸਹਿਮਤ ਹੋਣ ਲਈ ਕਿਸੇ ਕਿਸਮ ਦੀ ਕੋਈ ਇਜਾਜ਼ਤ ਨਹੀਂ ਹੁੰਦੀ ।

ਸਾਰੇ ਵਿਸ਼ਵ ਅੰਦਰ ਵਾਤਾਵਰਣ ਦੇ ਪਰਦੂਸ਼ਨ ਦੀ ਬਹਿਸ ਹੋ ਰਹੀ ਹੈ। ਵਿਸ਼ਵ ਦੇ ਕਾਰਪੋਰੇਟ ਘਰਾਣੇ ਇਸ ਨੂੰ ਵਧਾ-ਚੜ੍ਹਾਅ ਕਿ ਪੇਸ਼ ਕਰ ਰਹੇ। ਜਿਸ ਤਰ੍ਹਾਂ ਵਿਸ਼ਵ ਵਪਾਰ ਸੰਸਥਾ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੇ ਜਾਲ ਵਿੱਚ ਫਸਾ ਕੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਪਾਲ ਰਹੀ ਹੈ। ਜਿਸ ਤਰ੍ਹਾਂ ਕੋਰੋਨਾ ਦੇ ਸਮੇਂ ਵਿਸ਼ਵ ਸਿਹਤ ਸੰਸਥਾ ਨੇ ਪ੍ਰਯੋਗ ਵਜੋਂ ਸਮੁੱਚੇ ਵਿਸ਼ਵ ਨੂੰ ਡਿਕਟੇਟ ਕੀਤਾ ਹੈ ਅਤੇ ਸਾਰੇ ਵਿਸ਼ਵ ਅੰਦਰ ਆਪਣੀਆਂ ਨੀਤੀਆਂ ਤੇ ਹਦਾਇਤਾਂ ਨੂੰ ਲਾਗੂ ਕਰਵਾਇਆ।

ਫਾਸ਼ੀਵਾਦ ਆਪਣੇ ਪੈਰੀਂ ਪੱਕਾ ਹੋਣ ਲਈ ਕਈ ਹੱਥਕੰਡੇ ਅਪਣਾਉਂਦਾ ਹੈ, ਇਨ੍ਹਾਂ ਵਿਚੋਂ ਇੱਕ ਹੈ ਈਕੋਫਾਸ਼ਿਜ਼ਮ। ਈਕੋਫਾਸ਼ਿਜ਼ਮ ਇੱਕ ਰਾਜਨੀਤਕ ਵਿਚਾਰਧਾਰਾ ਹੈ, ਜੋ ਵਾਤਾਵਰਣਵਾਦ ਨੂੰ ਅੱਤ-ਸੱਜੇ, ਤਾਨਾਸ਼ਾਹੀ ਜਾਂ ਤਾਨਾਸ਼ਾਹੀ ਵਿਚਾਰਾਂ ਨਾਲ ਜੋੜਦੀ ਹੈ। ਈਕੋ-ਫਾਸ਼ੀਵਾਦ ਨਸਲੀ ਰਾਸ਼ਟਰਵਾਦ ਨੂੰ ਇਥੋਂ ਤੱਕ ਕਿ ਰਾਜਨੀਤਕ ਹਿੰਸਾ ਨੂੰ ਵੀ ਉਚਿਤ ਠਹਿਰਾਉਂਦਾ ਹੈ, ਜੋ ਰਾਸ਼ਟਰੀ ਖੇਤਰਾਂ ਦੀ ਅਬਾਦੀ ਨੂੰ ਘੱਟ ਕਰਨ ਅਤੇ ਗੋਰੇ ਭਾਈਚਾਰਿਆਂ ਦੇ ਹੱਕ ਵਿੱਚ ਵਿਆਪਕ ਅੱਤ ਸੱਜ-ਪਿਛਾਖੜੀ ਅਹੁਦਿਆਂ ਦੀ ਵਿਸ਼ੇਸ਼ਤਾ ਨੂੰ ਉਭਾਰਦਾ ਹੈ।

1933 ਅਤੇ 1945 ਦੇ ਵਿਚਕਾਰ ਅਡੌਲਫ ਹਿਟਲਰ ਦੇ ਅਧੀਨ ਸ਼ਾਸਨ ਕਰਨ ਵਾਲੀ ਨਾਜ਼ੀ ਸਰਕਾਰ ਇੱਕ ਫਾਸ਼ੀਵਾਦੀ ਸਰਕਾਰ ਸੀ। ਫਾਸ਼ੀਵਾਦ ਸਰਕਾਰ ਦਾ ਇੱਕ ਅੱਤ-ਸੱਜ ਪਿਛਾਖੜੀ ਸਿਧਾਂਤ ਹੁੰਦਾ ਹੈ। ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਵਿੱਚ ਫਾਸ਼ੀਵਾਦ ਪੈਦਾ ਹੋਇਆ, ਜਦੋਂ ਬਹੁਤ ਸਾਰੇ ਲੋਕ ਰਾਸ਼ਟਰੀ ਏਕਤਾ ਅਤੇ ਮਜ਼ਬੂਤ ਲੀਡਰਸ਼ਿਪ ਲਈ ਤਰਸਦੇ ਸਨ। ਇਟਲੀ ਵਿੱਚ ਬੇਨੀਟੋ ਮੁਸੋਲਿਨੀ ਨੇ ਇੱਕ ਸ਼ਕਤੀਸ਼ਾਲੀ ਫਾਸ਼ੀਵਾਦੀ ਰਾਜ ਸਥਾਪਤ ਕਰਨ ਲਈ ਆਪਣੇ ਕ੍ਰਿਸ਼ਮੇ ਦੀ ਵਰਤੋਂ ਕੀਤੀ।

ਰਾਜ ਦੀ ਸੰਪੂਰਨ ਸ਼ਕਤੀ: ਫਾਸ਼ੀਵਾਦੀ ਸ਼ਾਸਨ ਵਿੱਚ ਇੱਕ ਮਜ਼ਬੂਤ ਕੇਂਦਰੀਕ੍ਰਿਤ ਰਾਜ ਜਾਂ ਰਾਸ਼ਟਰੀ ਸਰਕਾਰ ਹੁੰਦੀ ਹੈ। ਫਾਸ਼ੀਵਾਦੀ ਰਾਜ ਸਮਾਜ ਦੇ ਸਾਰੇ ਵੱਡੇ ਹਿੱਸਿਆਂ 'ਤੇ ਪੂਰਾ ਕੰਟਰੋਲ ਚਾਹੁੰਦਾ ਹੈ। ਰਾਜ ਦੁਆਰਾ ਦਰਸਾਈਆਂ ਗਈਆਂ ਸਮੁੱਚੇ ਸਮਾਜ ਦੀਆਂ ਲੋੜਾਂ ਦੀ ਪੂਰਤੀ ਲਈ ਵਿਅਕਤੀਆਂ ਨੂੰ ਆਪਣੀਆਂ ਨਿੱਜੀ ਲੋੜਾਂ ਅਤੇ ਅਧਿਕਾਰਾਂ ਨੂੰ ਛੱਡ ਦੇਣਾ ਪੈਂਦਾ ਹੈ।

ਫਾਸ਼ੀਵਾਦੀ ਮਜ਼ਦੂਰਾਂ ਅਤੇ ਫੈਕਟਰੀ ਮਾਲਕਾਂ ਨੂੰ ਕਾਬੂ ਕਰਕੇ ਪੂੰਜੀਵਾਦ ਨੂੰ ਕਾਬੂ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ। ਯੂਨੀਅਨਾਂ, ਹੜਤਾਲਾਂ ਅਤੇ ਹੋਰ ਮਜ਼ਦੂਰ ਕਾਰਵਾਈਆਂ ਨੂੰ ਗੈਰ-ਕਾਨੂੰਨੀ ਕਰਾਰ ਦਿੰਦੇ ਹਨ। ਉਹ ਅਸਹਿਮਤੀ ਨੂੰ ਦਬਾਉਂਦੇ ਹੋਏ ਅਤੇ ਘੱਟ ਗਿਣਤੀ ਸਮੂਹਾਂ ਨੂੰ ਸਤਾਉਂਦੇ ਹੋਏ ਇੱਕ ਰਾਸ਼ਟਰ ਵਿੱਚ ਪ੍ਰਭਾਵਸ਼ਾਲੀ ਸਮੂਹ ਨੂੰ ਮਜ਼ਬੂਤ ਅਤੇ ਇਕਜੁੱਟ ਕਰਦੇ ਹਨ। ਫਾਸ਼ੀਵਾਦੀਆਂ ਦਾ ਮੰਨਣਾ ਹੈ ਕਿ ਰਾਜ ਤਾਂ ਹੀ ਬਚ ਸਕਦਾ ਹੈ, ਜੇਕਰ ਇਹ ਜੰਗ ਵਿੱਚ ਆਪਣੀ ਫੌਜੀ ਉੱਤਮਤਾ ਨੂੰ ਸਫਲਤਾਪੂਰਵਕ ਸਾਬਤ ਕਰ ਦੇਵੇ।

ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਹਿੰਦੂਤਵੀ ਰਾਜਨੀਤੀ ਦੇ ਉਭਾਰ ਨੇ ਈਕੋਫਾਸ਼ਿਸਟਾਂ ਦੇ ਉਭਾਰ ਨੂੰ ਵੀ ਉਤਸ਼ਾਹਿਤ ਕੀਤਾ ਹੈ। ਈਕੋ-ਫਾਸ਼ੀਵਾਦੀ ਵਿਚਾਰਧਾਰਾ ਜਲਵਾਯੂ ਸੰਕਟ ਦੇ ਹਾਸ਼ੀਏ 'ਤੇ ਪਏ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕਰਦੀ ਹੈ। ਇਸ ਵਿੱਚ ਗਰੀਬ ਲੋਕ, ਰੰਗ-ਭੇਦ ਦੇ ਲੋਕ, ਅਪਾਹਜ ਲੋਕ ਅਤੇ ਹਾਸ਼ੀਏ 'ਤੇ ਪਏ ਲੋਕ ਸ਼ਾਮਲ ਹਨ। ਈਕੋ-ਫਾਸ਼ੀਵਾਦੀ ਘੱਟ ਗਿਣਤੀ ਸਮੂਹਾਂ 'ਤੇ ਹਿੰਸਾ ਨੂੰ ਭੜਕਾਉਣ ਦਾ ਟੀਚਾ ਰੱਖਦੇ ਹਨ, ਅਕਸਰ ਆਪਣੀ ਨਫ਼ਰਤ ਨੂੰ ਜਾਇਜ਼ ਠਹਿਰਾਉਣ ਲਈ 'ਵਾਤਾਵਰਣ ਕਾਰਨਾਂ' ਦੀ ਵਰਤੋਂ ਕਰਦੇ ਹਨ।

ਈਕੋ ਫਾਸ਼ੀਵਾਦ ਜਾਂ ਵਾਤਾਵਰਣਕ ਫਾਸ਼ੀਵਾਦ ਇੱਕ ਰਾਜਨੀਤਕ ਵਿਚਾਰਧਾਰਾ ਹੈ, ਜੋ ਫਾਸ਼ੀਵਾਦ ਦੀਆਂ ਕੋਝੀਆਂ ਚਾਲਾਂ ਨਾਲ ਵਾਤਾਵਰਣਵਾਦ ਦੇ ਸਿਧਾਂਤਾਂ ਨੂੰ ਜੋੜਦੀ ਹੈ। ਉਹ ਦਲੀਲ ਦਿੰਦੇ ਹਨ ਕਿ ਵਾਤਾਵਰਣ ਟਿਕਾਊ ਬਣਨ ਲਈ ਵਰਤਮਾਨ ਖਪਤ ਅਤੇ ਆਰਥਕ ਅਭਿਆਸਾਂ ਨੂੰ ਬਦਲਿਆ ਜਾਣਾ ਚਾਹੀਦਾ ਹੈ। ਈਕੋ ਫਾਸ਼ੀਵਾਦ ਦੀ ਜੜ੍ਹ ਇੱਕ ਖਾਸ ਕਿਸਮ ਦੇ ਈਕੋਲੋਜੀ/ਵਾਤਾਵਰਣ ਵਿੱਚ ਹੈ, ਜਿਸ ਨੂੰ ਗੰਭੀਰ/ ਦੀਰਘ ਵਾਤਾਵਰਣ ਕਿਹਾ ਜਾਂਦਾ ਹੈ। ਦੂਜੇ ਪਾਸੇ ਫਾਸ਼ੀਵਾਦ ਨੂੰ ਇੱਕ ਤਾਨਾਸ਼ਾਹੀ ਅੱਤ-ਸੱਜੀ ਵਿਚਾਰਧਾਰਾ ਵਜੋਂ ਲਿਆ ਜਾ ਸਕਦਾ ਹੈ, ਜੋ ਵਿਅਕਤੀਗਤ ਅਧਿਕਾਰਾਂ ਨੂੰ ਰਾਜ ਦੇ ਅਧਿਕਾਰ ਅਤੇ ਸਿਧਾਂਤ ਲਈ ਮਾਮੂਲੀ ਸਮਝਦਾ ਹੈ, ਸਾਰਿਆਂ ਨੂੰ ਰਾਜ ਦੀ ਪਾਲਣਾ ਕਰਨ ਦਾ ਹੁਕਮ ਦਿੰਦੇ ਹਨ ਅਤੇ ਜੋ ਵਿਰੋਧ ਕਰਦੇ ਹਨ, ਉਨ੍ਹਾਂ ਨੂੰ ਕਿਸੇ ਵੀ ਤਰੀਕੇ ਨਾਲ ਖਤਮ ਕਰਨ ਵਿੱਚ ਵਿਸ਼ਵਾਸ਼ ਰੱਖਦੇ ਹਨ।

ਗੁਜਰਾਤ ਦੇ 2002 ਦੇ ਮੁਸਲਿਮ ਵਿਰੋਧੀ ਕਤਲੇਆਮ ਦੀ ਪ੍ਰਧਾਨਗੀ ਕਰਨ ਵਾਲੀ ਭੂਮਿਕਾ ਲਈ ਮੋਦੀ ਨੂੰ ਸੰਯੁਕਤ ਰਾਜ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਵਿੱਚ ਦਾਖਲ ਹੋਣ ਤੋਂ ਵੀ ਰੋਕ ਦਿੱਤਾ ਗਿਆ ਸੀ, ਪਰ ਹੁਣ ਇੱਕ ਫਾਸ਼ੀਵਾਦੀ ਦੌਰ ਅੰਦਰ ਉਹ ਇੱਕ ਮੰਨੇ ਜਾਂਦੇ 'ਵਾਤਾਵਰਣ' ਦੇ ਪ੍ਰਕਾਸ਼ਕ ਦੇ ਨਾਲ-ਨਾਲ ਇੱਕ 'ਮਾਨਵਤਾਵਾਦੀ' ਅਤੇ ਇੱਕ ਮਹਾਨ 'ਰਾਜਨੇਤਾ' ਵਜੋਂ ਮੰਨਿਆ ਜਾਂਦਾ ਹੈ । ਅਸਲੀਅਤ ਨੂੰ ਉਲਟਾਉਣ ਦਾ ਇੱਕ ਕਮਾਲ ਦਾ ਕਾਰਨਾਮਾ, ਭਾਵੇਂ ਕਿ ਲੱਖਾਂ ਮੁਸਲਮਾਨਾਂ ਅਤੇ ਹੋਰ 'ਅਣਇੱਛਤ' (ਗਰੀਬੀ ਵਿੱਚ ਰਹਿ ਰਹੇ ਲੋਕਾਂ, ਆਦਿਵਾਸੀਆਂ ਅਤੇ ਦਲਿਤਾਂ ਸਮੇਤ) ਨੂੰ ਰਾਸ਼ਟਰੀ ਨਾਗਰਿਕਤਾ ਰਜਿਸਟਰ ਅਤੇ ਨਾਗਰਿਕਤਾ ਸੋਧ ਕਾਨੂੰਨ ਦੇ ਤਹਿਤ ਭਾਰਤੀ ਨਾਗਰਿਕਤਾ ਤੋਂ ਬਾਹਰ ਕੱਢਣ ਲਈ ਵੱਡੇ ਨਜ਼ਰਬੰਦੀ ਕੇਂਦਰਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

ਈਕੋ-ਫਾਸ਼ੀਵਾਦੀ ਨਸਲਵਾਦੀ ਸਿਧਾਂਤਾਂ ਵਿੱਚ ਬੱਝੇ ਹੋਏ ਹਨ ਅਤੇ ਇਹ ਮੰਨਦੇ ਹਨ ਕਿ ਕੁਦਰਤੀ ਵਾਤਾਵਰਣ ਦੇ ਵਿਗਾੜ ਨਾਲ ਉਹਨਾਂ ਦੇ ਸੱਭਿਆਚਾਰ ਅਤੇ ਉਹਨਾਂ ਲੋਕਾਂ ਦੇ ਪਤਨ ਦਾ ਕਾਰਨ ਬਣਦਾ ਹੈ। ਜਿਵੇਂ ਭਾਰਤ ਅੰਦਰ ਹਾਕਮ ਜਮਾਤ ਹਿੰਦੂਆਂ ਨੂੰ ਮੁਸਲਮਾਨਾਂ ਤੋ ਖਤਰਾ ਦੱਸਦੇ ਹਨ, ਉਹ ਅਕਸਰ ਪਰਵਾਸੀਆਂ ਨੂੰ ਰੋਕਣ ਜਾਂ ਗੈਰ-ਗੋਰੀ ਆਬਾਦੀ ਦੇ ਖਾਤਮੇ ਦੀ ਮੰਗ ਕਰਦੇ ਹਨ।

ਹਾਲਾਂਕਿ ਉਹਨਾਂ ਸ਼ੋਸ਼ਣਕਾਰੀ ਢਾਂਚਿਆਂ ਜਾਂ ਪ੍ਰਣਾਲੀਆਂ ਦਾ ਵਿਸ਼ਲੇਸ਼ਣ ਨਾ ਕਰਨਾ ਜਿਨ੍ਹਾਂ ਨੇ ਜਲਵਾਯੂ ਪਰਿਵਰਤਨ ਪੈਦਾ ਕੀਤਾ ਹੈ ਅਤੇ ਇਸ ਨੂੰ ਲਗਾਤਾਰ ਵਧਾਇਆ ਹੈ ਅਤੇ ਇਸ ਦੀ ਬਜਾਏ ਬਹੁਤ ਜ਼ਿਆਦਾ ਆਬਾਦੀ, ਇਮੀਗ੍ਰੇਸ਼ਨ ਅਤੇ ਕੁਝ ਮਾਮਲਿਆਂ ਵਿੱਚ 'ਵੱਧ-ਉਦਯੋਗੀਕਰਨ' ਵਰਗੀਆਂ ਚੀਜ਼ਾਂ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ। ਜਦੋਂ ਜਾਂਚ ਨਾ ਕੀਤੀ ਗਈ ਹੋਵੇ ਤਾਂ ਘਾਤਕ ਹੋ ਸਕਦਾ ਹੈ। ਸਭ ਤੋਂ ਭੈੜੇ ਤੌਰ 'ਤੇ ਜਲਵਾਯੂ ਤਬਦੀਲੀ ਨੂੰ ਸੰਬੋਧਤ ਕਰਨ ਲਈ ਇਹ ਪਹੁੰਚ, ਜਿਸ ਨੂੰ 'ਈਕੋ-ਫਾਸ਼ੀਵਾਦ' ਵੀ ਕਿਹਾ ਜਾਂਦਾ ਹੈ, ਨੂੰ ਨਵ-ਨਾਜ਼ੀ ਵਿਚਾਰਧਾਰਾ ਦੇ ਨਾਲ-ਨਾਲ ਸਮੂਹਕ ਗੋਲੀਬਾਰੀ ਅਤੇ ਅੱਤਵਾਦੀ ਹਮਲਿਆਂ ਨਾਲ ਜੋੜਿਆ ਗਿਆ ਹੈ।

1930 ਅਤੇ 40 ਦੇ ਦਹਾਕੇ ਵਿੱਚ ਹਿੰਦੂਤਵ ਦੇ ਮੋਢੀ ਵਿਚਾਰਧਾਰਕ ਵੀ.ਡੀ. ਸਾਵਰਕਰ ਅਤੇ ਐੱਮ.ਐੱਸ. ਗੋਲਵਲਕਰ ਨੇ 'ਰਾਸ਼ਟਰੀ ਮਾਣ ਆਪਣੇ ਉੱਚੇ ਪੱਧਰ 'ਤੇ' ਪ੍ਰਗਟ ਕਰਨ ਅਤੇ 'ਹਿੰਦੋਸਤਾਨ ਵਿੱਚ ਸਾਡੇ ਲਈ ਸਿੱਖਣ ਅਤੇ ਲਾਭ ਲੈਣ ਲਈ ਇੱਕ ਚੰਗਾ ਸਬਕ' ਪ੍ਰਦਾਨ ਕਰਨ ਲਈ ਅਡੋਲਫ ਹਿਟਲਰ ਤਾਨਾਸ਼ਾਹ ਜਰਮਨੀ ਅਤੇ ਬੇਨੀਟੋ ਮੁਸੋਲਿਨੀ ਤਾਨਾਸ਼ਾਹ ਇਟਲੀ ਦੀ ਸ਼ਲਾਘਾ ਕੀਤੀ। ਇਟਲੀ ਵਿੱਚ ਬੇਨੀਟੋ ਮੁਸੋਲਿਨੀ ਨੇ ਇੱਕ ਸ਼ਕਤੀਸ਼ਾਲੀ ਫਾਸ਼ੀਵਾਦੀ ਰਾਜ ਸਥਾਪਤ ਕਰਨ ਲਈ ਆਪਣੇ ਕਰਿਸ਼ਮੇ ਦੀ ਵਰਤੋਂ ਕੀਤੀ। ਬੇਨੀਟੋ ਮੁਸੋਲਿਨੀ ਨੇ ਆਪਣੀ ਰਾਜਨੀਤਕ ਲਹਿਰ ਦਾ ਵਰਣਨ ਕਰਨ ਲਈ 1919 ਵਿੱਚ 'ਫਾਸ਼ੀਵਾਦ' ਸ਼ਬਦ ਦੀ ਵਰਤੋਂ ਕੀਤੀ। ਉਸ ਨੇ ਆਪਣੇ ਪ੍ਰਤੀਕ ਵਜੋਂ ਪ੍ਰਾਚੀਨ ਰੋਮਨ ਚਿਹਰਾ ਅਪਣਾਇਆ।

ਹੁਣ, ਵਾਤਾਵਰਣ ਦੀ ਸ਼ੁੱਧੀ ਲਈ ਮੋਦੀ ਦੀ ਸਮੂਹਕ ਬੇਦਖਲੀ, ਯੋਜਨਾਬੱਧ ਢੰਗ ਨਾਲ ਮਸਜਿਦਾਂ ਨੂੰ ਢਾਹੁਣ, ਯੂਨੀਫਾਈਡ ਸਿਟੀਜ਼ਨ ਕੋਡ ਲਾਗੂ ਕਰਨ ਅਤੇ ਦਲਿਤ ਅੱਤਿਆਚਾਰ ਦੁਆਰਾ ਪੂਰਾ ਕੀਤਾ ਜਾ ਰਿਹਾ ਹੈ। 'ਜਾਨਵਰ ਕਲਿਆਣ' ਸੁਰੱਖਿਆ ਦਾ ਅਨੁਵਾਦ 'ਗਊ ਚੌਕਸੀ' ਵਿੱਚ ਕੀਤਾ ਗਿਆ ਹੈ। ਹਿੰਦੂ ਧਰਮ ਦੇ ਪਵਿੱਤਰ ਜਾਨਵਰ ਦੀ ਕਥਿਤ ਤੌਰ 'ਤੇ ਉਲੰਘਣਾ ਕਰਨ ਲਈ ਮੁਸਲਮਾਨਾਂ ਅਤੇ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਗਿਆ । ਮਨੀਪੁਰ ਦਾ ਦੁਖਾਂਤ ਅਤੇ ਹਰਿਆਣਾ ਦੇ ਨੂਹ ਇਲਾਕੇ ਅੰਦਰ ਹਿੰਸਾ ਇਸ ਦੀ ਮੂੰਹ ਬੋਲਦੀ ਤਸਵੀਰ ਹੈ।

ਈਕੋਫਾਸ਼ਿਜ਼ਮ ਦੀ ਵਿਸ਼ਵ ਦੀ ਜਿੱਤ ਵਿੱਚ ਅੰਤਰਰਾਸ਼ਟਰੀ ਭਾਈਚਾਰੇ ਦੀ ਚੱਲ ਰਹੀ ਮਿਲੀਭੁਗਤ ਨਾ ਸਿਰਫ਼ ਇੱਕ ਗੰਭੀਰ ਖ਼ਤਰਾ ਹੀ ਨਹੀ , ਸਗੋਂ ਜੀਵਨ ਵਿੱਚ ਇੱਕ ਬਿਲਕੁਲ ਵੱਖਰੀ ਕਿਸਮ ਦੀ ਹਕੀਕਤ ਲਿਆਉਣ ਲਈ ਸਖ਼ਤ ਸੰਘਰਸ਼ ਕਰ ਰਹੇ ਅਤੇ ਮਰ ਰਹੇ ਹਨ, ਇਹ ਇੱਕ ਬਹੁਤ ਵੱਡਾ ਧੋਖਾ ਵੀ ਹੈ ਅਤੇ ਫਿਰ ਵੀ ਇਹ ਦੁਨੀਆ ਦੇ ਸਭ ਤੋਂ ਲੰਮੇ ਅਤੇ ਹੁਣ ਸਭ ਤੋਂ ਵੱਡੇ ਫਾਸ਼ੀਵਾਦੀ ਪ੍ਰੋਜੈਕਟਾਂ ਵਿੱਚੋਂ ਇੱਕ ਹੋਣ ਦੇ ਬਾਵਜੂਦ ਇਸ ਦੇ ਸੱਤਾ ਵਿੱਚ ਆਉਣ ਦੀ ਨਾ ਸਿਰਫ ਇਜਾਜ਼ਤ ਦਿੱਤੀ ਗਈ ਹੈ, ਸਗੋਂ ਪ੍ਰਸੰਸਾ ਵੀ ਕੀਤੀ ਗਈ ਹੈ।

ਈਕੋ-ਫਾਸ਼ੀਵਾਦੀ ਉਸ ਸਮੀਕਰਨ ਦੇ ਅੰਦਰ ਜਲਵਾਯੂ ਤਬਦੀਲੀ ਜਾਂ ਵਾਤਾਵਰਣ ਸੰਬੰਧੀ ਗੜਬੜੀਆਂ ਨੂੰ ਸਭਿਅਤਾ ਦੇ ਖਤਰੇ ਵਜੋਂ ਦੇਖਦੇ ਹਨ। ਈਕੋ-ਫਾਸ਼ੀਵਾਦੀ ਨਸਲਵਾਦ ਵਿੱਚ ਬੰਨ੍ਹੇ ਹੋਏ ਹਨ । ਜਿਵੇਂ ਜਿਵੇਂ ਜਲਵਾਯੂ ਸੰਕਟ ਵਿਗੜਦਾ ਜਾਂਦਾ ਹੈ ਅਤੇ ਅਸੀਂ ਪੂਰੀ ਦੁਨੀਆ ਵਿੱਚ ਇਸ ਦੇ ਵਿਆਪਕ ਪ੍ਰਭਾਵਾਂ ਨੂੰ ਵੇਖਦੇ ਹਾਂ, ਇਹ ਸਮਝਣਯੋਗ ਹੈ ਕਿ ਲੋਕ ਸਿਰਫ ਇਸ ਬਾਰੇ ਵਧੇਰੇ ਡਰੇ ਹੋਏ ਹੋਣਗੇ ਕਿ ਮਨੁੱਖਤਾ ਨੂੰ ਪੂਰੀ ਵਾਤਾਵਰਣਕ ਤਬਾਹੀ ਤੋਂ ਆਪਣੇ ਆਪ ਨੂੰ ਬਚਾਉਣ ਲਈ ਕਿੰਨੀ ਕੁ ਤੁਰੰਤ ਕਾਰਵਾਈ ਕਰਨ ਦੀ ਲੋੜ ਹੈ। ਜਲਵਾਯੂ ਪ੍ਰੀਵਰਤਨ ਦੁਨੀਆ ਭਰ ਦੇ ਈਕੋਫਾਸ਼ਿਸਟਾਂ ਲਈ ਇੱਕ ਮੌਕਾ ਪ੍ਰਦਾਨ ਕਰਦਾ ਹੈ।

ਗੁਜਰਾਤ ਦੇ 2002 ਦੇ ਮੁਸਲਿਮ ਵਿਰੋਧੀ ਕਤਲੇਆਮ ਦੀ ਪ੍ਰਧਾਨਗੀ ਕਰਨ ਵਾਲੀ ਭੂਮਿਕਾ ਲਈ ਮੋਦੀ ਨੂੰ ਸੰਯੁਕਤ ਰਾਜ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਵਿੱਚ ਦਾਖਲ ਹੋਣ ਤੋਂ ਵੀ ਰੋਕ ਦਿੱਤਾ ਗਿਆ ਸੀ। ਵਿਵਾਦਾਂ ਦੇ ਇਸ ਮੁਕਾਬਲੇ ਵਿੱਚ ਇਸ ਸਾਲ ਮਈ 2023 ਵਿੱਚ ਜੀ-20 ਮੀਟਿੰਗ ਦਾ ਆਯੋਜਨ ਉਸ ਜਗ੍ਹਾ ਗੈਰ-ਕਾਨੂੰਨੀ ਤੌਰ 'ਤੇ ਕਸ਼ਮੀਰ ਵਿੱਚ ਕਰਵਾਇਆ ਗਿਆ, ਜਿੱਥੋਂ ਧਾਰਾ 370 ਹਟਾਈ ਗਈ ਅਤੇ ਜਿਥੇ ਦੁਨੀਆ ਦੀ ਸਭ ਤੋਂ ਵੱਧ ਕੇਂਦਤ ਫੌਜ ਦੀ ਤੈਨਾਤੀ ਹੈ।

ਜਰਮਨੀ ਦਾ ਤਾਨਾਸ਼ਾਹ ਹਿਟਲਰ ਨਾਜ਼ੀਆਂ ਨੂੰ ਯਹੂਦੀਆਂ ਨਾਲੋਂ ਉਤਮ ਮੰਨਦਾ ਸੀ। ਭਾਰਤ ਵਿੱਚ ਨਿਰੇਂਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਸਰਕਾਰ ਹਿੰਦੂਆਂ ਨੂੰ ਸਭ ਤੋਂ ਉਤਮ ਮੰਨਦੀ ਹੈ। ਉਹ ਆਮ ਤੌਰ 'ਤੇ ਅਸਹਿਮਤੀ ਨੂੰ ਦਬਾਉਂਦੇ ਹੋਏ ਅਤੇ ਘੱਟ ਗਿਣਤੀ ਸਮੂਹਾਂ ਨੂੰ ਸਤਾਉਂਦੇ ਹੋਏ ਇੱਕ ਰਾਸ਼ਟਰ ਵਿੱਚ ਪ੍ਰਭਾਵਸ਼ਾਲੀ ਸਮੂਹ ਨੂੰ ਮਜ਼ਬੂਤ ਅਤੇ ਇਕਜੁੱਟ ਕਰਦੇ ਹਨ। ਫਾਸ਼ੀਵਾਦੀਆਂ ਦਾ ਮੰਨਣਾ ਹੈ ਕਿ ਰਾਜ ਤਾਂ ਹੀ ਬਚ ਸਕਦਾ ਹੈ, ਜੇਕਰ ਇਹ ਜੰਗ ਵਿੱਚ ਆਪਣੀ ਫੌਜੀ ਉੱਤਮਤਾ ਨੂੰ ਸਫਲਤਾਪੂਰਵਕ ਸਾਬਤ ਕਰ ਦੇਵੇ।

ਮਾਨਵਤਾ ਦੀ ਭਲਾਈ ਲਈ ਸੋ ਅੱਜ ਲੋੜ ਹੈ ਈਕੋ-ਫਾਸ਼ਿਜ਼ਮ ਅਤੇ ਕਾਰਪੋਰੇਟ ਘਰਾਣਿਆਂ ਅਤੇ ਪੂੰਜੀਵਾਦ ਤੋਂ ਨਜ਼ਾਤ ਪਾਉਣ ਦੀ, ਇਹ ਸਾਰਾ ਕਾਰਜ ਕਿਰਤੀ ਜਮਾਤ ਦੇ ਮੋਢਿਆ ਉੱਪਰ ਆ ਪਿਆ ਹੈ।

*# **ਸੰਪਰਕ** : 98550-04500*

# ਕੀ ਔਰਤ ਦੀ ਕੋਈ ਇੱਛਾ ਨਹੀਂ

ਰਮਨ ਰੰਘੜਿਆਲ

ਕੀ ਉਹ ਸਿਰਫ ਘਰ ਦੇ ਕੰਮ ਕਰਨ ਵਾਲੀ ਹੈ ? ਸਾਡੇ ਸਮਾਜ ਦੇ ਬਹੁਤੇ ਲੋਕਾਂ ਲਈ ਔਰਤ ਸ਼ਾਇਦ ਇੱਕ ਵਸਤੂ ਹੈ। ਇੱਕ ਕੱਠਪੁਤਲੀ ਹੈ, ਜਿਸ ਨੂੰ ਮਰਦ ਜਿਵੇਂ ਚਾਹੇ ਚਲਾ ਸਕਦਾ। ਉਸ ਦੇ ਕੱਪੜਿਆਂ ਤੋਂ ਲੈ ਕੇ ਉਸ ਦੇ ਫੋਨ ਤੱਕ ਸਿਰਫ ਉਸ ਦਾ ਅਧਿਕਾਰ ਹੈ। ਸਾਡੇ ਸਮਾਜ ਵਿਚ ਮਰਦ ਆਪਣੀ ਇੱਛਾ ਅਨੁਸਾਰ ਕੁਝ ਵੀ ਕਰ ਸਕਦਾ ਹੈ। ਉਸ ਉਪਰ ਕੋਈ ਪਾਬੰਦੀ ਨਹੀਂ। ਕਿਉਂ ? ਕਿਉਂਕਿ ਉਹ ਜਨਮ ਪੱਖੋਂ ਤਾਕਤਵਰ ਹੈ। ਕਿਉਂ ਇੱਕ ਔਰਤ ਨੂੰ ਆਪਣੇ ਫੈਸਲੇ ਲੈਣ ਦਾ ਅਧਿਕਾਰ ਨਹੀਂ। ਇਸ ਕਰਕੇ ਕਿ ਉਹ ਆਤਮ-ਨਿਰਭਰ ਨਹੀਂ ਜਾਂ ਉਹ ਇੱਕ ਔਰਤ ਹੈ।

ਮੈਨੂੰ ਹਮੇਸ਼ਾ ਤੋਂ ਬਾਬੇ ਨਾਨਕ ਤੋਂ ਪਿਆਰਾ ਕੋਈ ਪੰਜਾਬੀ ਨਹੀਂ ਲੱਗਦਾ ਕਿਉਂਕਿ ਉਹਨਾਂ ਨੇ ਜੋ ਮਾਣ ਇੱਕ ਔਰਤ ਨੂੰ 15ਵੀਂ 16ਵੀਂ ਸਦੀ ਦੌਰਾਨ ਦਿੱਤਾ, ਉਹ ਅੱਜ ਦੇ ਮਰਦ ਵੀ ਇੱਕ ਔਰਤ ਨੂੰ ਨਹੀਂ ਦੇ ਪਾਏ।

ਉਹਨਾਂ ਦਾ ਇਹ ਉਚਾਰਨ "ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥" ਸਭ ਲੋਕ ਸੁਣਦੇ ਹਨ, ਪਰ ਇਸ ਨੂੰ ਮੰਨਦੇ ਬਹੁਤ ਘੱਟ ਹਨ। ਬਾਬੇ ਨਾਨਕ ਦੀ ਸੋਚ ਕਿੰਨੀ ਮਹਾਨ ਹੈ, ਜਿਨ੍ਹਾਂ ਨੇ ਔਰਤ ਦੇ ਦਰਜੇ ਨੂੰ ਉੱਚਾ ਚੁੱਕਣ ਵਿੱਚ ਯੋਗਦਾਨ ਪਾਇਆ। ਬਹੁਤ ਹੈਰਾਨੀ ਵਾਲੀ ਗੱਲ ਹੈ, ਜਿਨ੍ਹਾਂ ਦਾ ਇਤਿਹਾਸ ਏਨਾ ਸੋਨੇ ਨਾਲ ਮੜ੍ਹਿਆ ਹੋਵੇ, ਉਸ ਸਮਾਜ ਵਿੱਚ ਵੀ ਔਰਤਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਾਡੇ ਇਤਿਹਾਸ ਵਿੱਚ ਮਾਤਾ ਖੀਵੀ ਜੀ, ਜਿਨ੍ਹਾਂ ਨੇ ਲੰਗਰ ਦੀ ਸ਼ੁਰੂਆਤ ਕੀਤੀ, ਮਾਤਾ ਗੁਜਰੀ ਜੀ, ਜੋ ਆਪ ਸ਼ਹੀਦ ਹੋ ਗਏ, ਪਰ ਜ਼ਾਲਮਾਂ ਅੱਗੇ ਈਨ ਨਹੀਂ ਮੰਨੀ। ਮਾਤਾ ਸੁੰਦਰ ਕੌਰ ਜੀ, ਜਿਨ੍ਹਾਂ ਨੇ ਸਿੱਖ ਕੌਮ ਨੂੰ 52 ਹੁਕਮਨਾਮੇ ਜਾਰੀ ਕੀਤੇ। ਮਾਈ ਭਾਗੋ ਜੀ, ਜਿਨ੍ਹਾਂ ਨੇ ਜੰਗ ਦੇ ਮੈਦਾਨ ਵਿਚ ਦੁਸ਼ਮਣਾਂ ਦੇ ਮੂੰਹ ਮੋੜੇ। ਕੀ ਇਹ ਔਰਤਾਂ ਨਹੀਂ ਸਨ।

ਅੱਜ ਜਿੱਥੇ ਰੋਜ਼ ਸਾਡੇ ਦੇਸ਼ ਵਿੱਚ ਲੱਖਾਂ ਕੁੜੀਆਂ ਦਾ ਸ਼ੋਸ਼ਣ ਹੁੰਦਾ, ਉਦੋਂ ਕੋਈ ਅਵਾਜ਼ ਕਿਉਂ ਨਹੀਂ ਉਠਾਉਂਦਾ। ਉਦੋਂ ਕਿਉਂ ਸਭ ਚੁੱਪ ਰਹਿੰਦੇ ਹਨ। ਜਦੋਂ ਮਨੀਪੁਰ ਵਿੱਚ ਔਰਤਾਂ ਨਾਲ ਨਾ ਇਨਸਾਫੀ ਹੁੰਦੀ ਹੈ, ਉਦੋਂ ਕਿਉਂ ਨਹੀਂ ਸਾਡੇ ਘਰਾਂ ਵਿੱਚ ਕੋਈ ਮਰਦ ਗੱਲ ਨਹੀਂ ਕਰਦਾ। ਕਿਉਂ ਸਾਡੇ ਟੀ ਵੀ ਚੈਨਲ ਬਦਲ ਦਿੱਤੇ ਜਾਂਦੇ ਹਨ। ਇਸ ਕਰਕੇ ਕਿ ਸਾਡੀਆਂ ਬੱਚੀਆਂ ਨੂੰ ਇਹਨਾਂ ਗੱਲਾਂ ਦਾ ਪਤਾ ਨਾ ਲੱਗੇ। ਕਿਤੇ ਉਹ ਇਸ 'ਤੇ ਗੱਲ ਨਾ ਕਰ ਲੈਣ।। ਸਾਨੂੰ ਬਚਪਨ ਵਿੱਚ ਕਲਪਣਾ ਚਾਵਲਾ, ਝਾਂਸੀ ਦੀ ਰਾਣੀ ਆਦਿ ਦੀਆਂ ਉਦਾਹਰਣਾਂ ਦੇਣ ਦੀ ਕੀ ਲੋੜ ਹੈ, ਜਦੋਂ ਇੱਕ ਔਰਤ ਦੀਆਂ ਇੱਛਾਵਾਂ ਨੂੰ ਉਸ ਦੀ ਵਧਦੀ ਉਮਰ ਨਾਲ ਜ਼ੰਜੀਰਾਂ ਵਿੱਚ ਬੰਨ੍ਹ ਦਿੱਤਾ ਜਾਂਦਾ। ਜੋ ਮਾਪੇ ਕੁੜੀਆਂ ਨੂੰ ਸਵਿੱਤਰੀ ਬਾਈ ਫੂਲੇ ਬਣਨ ਨੂੰ ਕਹਿੰਦੇ ਹਨ, ਉਹ ਕਿਉਂ ਉਹਨਾਂ ਨੂੰ ਵੱਡੇ ਹੋਣ 'ਤੇ ਇੱਕ ਚੰਗੀ ਬਹੁ, ਪਤਨੀ ਅਤੇ ਮਾਂ ਬਣਨ ਲਈ ਹੀ ਕਹਿੰਦੇ ਹਨ।

ਕੀ ਇੱਕ ਔਰਤ ਦੀ ਕੋਈ ਇੱਛਾ ਨਹੀਂ। ਸਿਰਫ ਘਰੇਲੂ ਕੰਮ ਕਰਨਾ ਉਸ ਦੀ ਜ਼ਿੰਦਗੀ ਹੈ। ਉਸ ਦਾ ਵੀ ਜੀਅ ਕਰਦਾ ਖੁੱਲ੍ਹੀ ਹਵਾ ਵਿੱਚ ਸਾਹ ਲੈਣ ਦਾ, ਆਪਣੀ ਮਨਪਸੰਦ ਪੜ੍ਹਾਈ ਕਰਨ ਦਾ, ਆਪਣਾ ਮਨਪਸੰਦ ਕੰਮ ਕਰਨ ਦਾ। ਉਸ ਦਾ ਇਹ ਅਧਿਕਾਰ ਹੈ ਜੋ ਸਾਡਾ ਮਰਦ ਪ੍ਰਧਾਨ ਸਮਾਜ ਉਸ ਨੂੰ ਨਹੀਂ ਦਿੰਦਾ। ਇਹ ਹੱਕ ਔਰਤ ਨੂੰ ਲੜ ਕੇ ਹੀ ਮਿਲਣਾ। ਬਿਨਾਂ ਲੜੇ ਔਰਤ ਉਹ ਜ਼ਿੰਦਗੀ ਨਹੀਂ ਜੀਅ ਸਕਦੀ, ਜੋ ਉਹ ਜੀਣਾ ਚਾਹੁੰਦੀ।

# **ਸੰਪਰਕ** : 98777-43296

# ਸੜਕਾਂ 'ਤੇ ਰੁਲਦਾ ਭਵਿੱਖ



ਨਰਿੰਦਰ ਸਿੰਘ

ਦੇਸ਼ ਦੀ ਕੁੱਲ ਆਬਾਦੀ ਦਾ ਇੱਕ ਤਿਹਾਈ ਬੱਚੇ ਹਨ। ਦੇਸ਼ ਤੇ ਸਮਾਜ ਦਾ ਭਵਿੱਖ ਇਨ੍ਹਾਂ ਬੱਚਿਆਂ 'ਤੇ ਨਿਰਭਰ ਹੈ। ਦੇਸ਼ ਵਿੱਚ ਹਰ ਸਾਲ ਸਮੇਂ-ਸਮੇਂ 'ਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਸੈਮੀਨਾਰ ਕਰਵਾਏ ਜਾਂਦੇ ਹਨ, ਪਰ ਇਸ ਦੇ ਬਾਵਜੂਦ ਬੱਚਿਆਂ ਦੇ ਜੀਵਨ ਵਿੱਚ ਕੋਈ ਸੁਧਾਰ ਨਹੀਂ ਹੋ ਰਿਹਾ । ਬੱਚੇ ਮਾਨਸਿਕ ਤਣਾਅ ਵਿੱਚ ਰਹਿੰਦੇ ਹਨ। ਬੱਚੇ ਆਤਮ-ਹੱਤਿਆਵਾਂ ਕਰ ਰਹੇ ਹਨ। ਆਤਮ ਹੱਤਿਆਵਾਂ ਵਿੱਚ ਗਰੀਬ ਬੱਚਿਆਂ ਦੀ ਸ਼ਮੂਲੀਅਤ ਕਾਫ਼ੀ ਜ਼ਿਆਦਾ ਹੈ । ਕੌਮੀ ਅਪਰਾਧ ਰਿਕਾਰਡ ਬਿਊਰੋ ਵੱਲੋਂ ਸਤੰਬਰ 2022 ਵਿੱਚ ਜਾਰੀ ਰਿਪੋਰਟ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ 13 ਹਜ਼ਾਰ ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ । ਬੱਚੇ ਬਿਮਾਰੀਆਂ ਨਾਲ ਮਰ ਰਹੇ ਹਨ । ਬੱਚਿਆਂ ਦੇ ਜੁਰਮਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ । ਅਗਵਾ, ਕਤਲ, ਜਬਰ-ਜ਼ਨਾਹ, ਬਾਲ ਮਜ਼ਦੂਰੀ, ਹਸਪਤਾਲਾਂ ਆਦਿ ਵਿੱਚ ਬੱਚਿਆਂ ਨੂੰ ਲਾਵਾਰਸ ਛੱਡਣ ਅਤੇ ਕੁੜੀਆਂ ਨੂੰ ਜ਼ਬਰਦਸਤੀ ਦੇਹ ਵਪਾਰ ਦੇ ਧੰਦੇ ਵਿੱਚ ਧਕੇਲਣਾ ਆਦਿ ਦੇਸ਼ ਵਿੱਚ ਆਮ ਗੱਲ ਹੈ ।

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਹਰ ਸਾਲ 40 ਹਜ਼ਾਰ ਬੱਚੇ ਅਗਵਾ ਕੀਤੇ ਜਾਂਦੇ ਹਨ। ਭਾਰਤ ਵਿੱਚ ਤਿੰਨ ਲੱਖ ਦੇ ਕਰੀਬ ਬੱਚੇ ਭੀਖ ਮੰਗਦੇ ਹਨ। ਭਾਰਤ ਵਿੱਚ ਕਰੀਬ 44 ਹਜ਼ਾਰ ਬੱਚੇ ਅਪਰਾਧੀ ਗਰੋਹਾਂ ਲਈ ਕੰਮ ਕਰਦੇ ਹਨ। ਦੇਹ ਵਪਾਰ ਨਾਲ ਜੁੜੇ ਲੋਕਾਂ ਵਿੱਚ 40 ਫੀਸਦੀ ਬੱਚੇ ਹਨ । ਇਕ ਗੈਰ ਸਰਕਾਰੀ ਸੰਸਥਾ ਦੇ ਅਨੁਸਾਰ ਦੇਸ਼ ਅੰਦਰ ਵੱਖ-ਵੱਖ ਥਾਵਾਂ 'ਤੇ ਹਰ ਰੋਜ਼ 271 ਬੱਚੇ ਲਾਵਾਰਸ ਛੱਡੇ ਜਾਂਦੇ ਹਨ, ਜਿਨ੍ਹਾਂ ਵਿੱਚ 90 ਫੀਸਦੀ ਕੁੜੀਆਂ ਹੁੰਦੀਆਂ ਹਨ । ਲਾਵਾਰਸ ਥਾਵਾਂ ਤੋਂ ਚੁੱਕ ਕੇ ਇਨ੍ਹਾਂ ਬੱਚਿਆਂ ਨੂੰ ਅਨਾਥ ਆਸ਼ਰਮਾਂ ਵਿੱਚ ਪਹੁੰਚਾ ਦਿੱਤਾ ਜਾਂਦਾ ਹੈ । ਅਨਾਥ ਆਸ਼ਰਮਾਂ ਵਿੱਚ ਜ਼ਿਆਦਾਤਰ ਬੱਚੇ ਨਰਕ ਭਰੀ ਜ਼ਿੰਦਗੀ ਜਿਊਂਦੇ ਹਨ । ਗਾਇਬ ਬੱਚਿਆਂ ਵਿੱਚੋਂ ਬਹੁਤ ਘੱਟ ਬੱਚੇ ਮਿਲਦੇ ਹਨ। ਜੋ ਮਿਲਦੇ ਵੀ ਹਨ, ਉਨ੍ਹਾਂ ਵਿੱਚ ਕੁੜੀਆਂ ਦੀ ਗਿਣਤੀ ਬਹੁਤ ਘੱਟ ਹੁੰਦੀ ਹੈ । ਅਗਵਾ, ਕਤਲ, ਜਬਰ-ਜ਼ਨਾਹ, ਬਾਲ ਮਜ਼ਦੂਰੀ ਅਤੇ ਬੱਚਿਆਂ ਨੂੰ ਲਾਵਾਰਸ ਛੱਡਣ ਦੀਆਂ ਖਬਰਾਂ ਅਖਬਾਰਾਂ ਵਿੱਚ ਨਸਰ ਹੁੰਦੀਆਂ ਰਹਿੰਦੀਆਂ ਹਨ । ਇਸ ਤੋਂ ਇਲਾਵਾ ਇੰਟਰਨੈੱਟ ਅਤੇ ਖਬਰ ਚੈਨਲਾਂ ਦੇ ਵੀਡੀਓ ਇਨ੍ਹਾਂ ਬੱਚਿਆਂ ਦੀ ਦਰਦ ਭਰੀ ਦਾਸਤਾਨ ਸਮੇਂ-ਸਮੇਂ 'ਤੇ ਪੇਸ਼ ਕਰਦੇ ਰਹਿੰਦੇ ਹਨ।

ਬੱਚਿਆਂ ਦੀ ਸੁਰੱਖਿਆ ਇੱਕ ਅਹਿਮ ਮੁੱਦਾ ਹੈ । ਖਾਸ ਕਰ ਬੱਚੀਆਂ ਦੀ ਸੁਰੱਖਿਆ ਇੱਕ ਗੰਭੀਰ ਮਸਲਾ ਹੈ । ਕੌਮੀ ਅਪਰਾਧ ਬਿਊਰੋ ਦੇ ਅੰਕੜਿਆਂ ਮੁਤਾਬਕ ਸਾਲ 2021 ਵਿੱਚ ਦੇਸ਼ ਭਰ ਵਿੱਚ 69014 (69 ਹਜ਼ਾਰ ਚੌਂਦਾ) ਬੱਚੇ ਗੁੰਮ ਹੋਏ ਸਨ । ਇਨ੍ਹਾਂ ਵਿੱਚੋਂ 55120 ਬੱਚੀਆਂ ਅਤੇ 13894 ਲੜਕੇ ਸਨ । ਮੁਲਕ ਭਰ ਵਿੱਚ ਕੁੱਲ ਗੁੰਮ ਹੋਏ ਬੱਚਿਆਂ ਵਿੱਚੋਂ ਲੱਗਭੱਗ 80 ਫੀਸਦੀ ਬੱਚੀਆਂ ਸਨ । ਭਾਰਤ ਵਿੱਚ ਹਰ ਸਾਲ ਔਸਤਨ 75 ਹਜ਼ਾਰ ਬੱਚੇ ਗੁੰਮ ਹੁੰਦੇ ਹਨ । ਇਹ ਗਿਣਤੀ ਉਨ੍ਹਾਂ ਬੱਚਿਆਂ ਦੀ ਹੈ, ਜਿਨ੍ਹਾਂ ਦੀ ਐੱਫ.ਆਈ.ਆਰ ਦਰਜ ਹੁੰਦੀ ਹੈ । ਗੁੰਮ ਹੋਈਆਂ ਲੜਕੀਆਂ ਨੂੰ ਕਈ ਮਾਮਲਿਆਂ ਵਿੱਚ ਘਰੇਲੂ ਨੌਕਰਾਣੀ ਵਜੋਂ ਵੇਚ ਦਿੱਤਾ ਜਾਂਦਾ ਹੈ ਜਾਂ ਫਿਰ ਦੇਹ ਵਪਾਰ ਵਿੱਚ ਧੱਕ ਦਿੱਤਾ ਜਾਂਦਾ ਹੈ। ਗੁੰਮ ਹੋਏ ਬੱਚੇ-ਬੱਚੀਆਂ ਦੀ ਜ਼ਿੰਦਗੀ ਜਿਨ੍ਹਾਂ ਹਾਲਤਾਂ ਵਿੱਚ ਗੁਜ਼ਰਦੀ ਹੈ, ਇਸ ਦੀ ਕਲਪਨਾ ਕਰਕੇ ਹੀ ਰੂਹ ਕੰਬ ਜਾਂਦੀ ਹੈ । ਲਾਵਾਰਸ ਬੱਚੇ ਉਹ ਬੱਚੇ ਹੁੰਦੇ ਹਨ, ਜਿਹੜੇ ਭੀਖ ਮੰਗਦੇ ਹਨ ਤੇ ਬੇਘਰ ਹੁੰਦੇ ਹਨ ਜਾਂ ਜਿਨ੍ਹਾਂ ਨੂੰ ਘਰ ਵਾਲੇ ਛੱਡ ਦਿੰਦੇ ਹਨ ਜਾਂ ਜਿਹੜੇ ਯਤੀਮ ਹੁੰਦੇ ਹਨ । ਇਨ੍ਹਾਂ ਵਿਚ ਸਕੂਲ ਨਾ ਜਾ ਕੇ ਗਲੀਆਂ ਵਿੱਚ ਘੁੰਮਣ ਵਾਲੇ ਬੱਚੇ ਵੀ ਹੁੰਦੇ ਹਨ ।

ਦੁਨੀਆ ਭਰ ਵਿੱਚ ਚੱਲ ਰਹੀਆਂ ਲੜਾਈਆਂ, ਜਲਵਾਯੂ ਪਰਿਵਰਤਨ ਤੇ ਕੋਰੋਨਾ ਮਹਾਂਮਾਰੀ ਕਾਰਨ ਬੱਚਿਆਂ ਤੇ ਮਹਿਲਾਵਾਂ ਲਈ ਖਤਰਾ ਵਧਿਆ ਹੈ । ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਮੁਤਾਬਕ ਸਾਲ 2020 ਵਿੱਚ ਦੁਨੀਆ ਭਰ ਵਿੱਚ 1 ਕਰੋੜ 30 ਲੱਖ ਬੱਚਿਆਂ ਦਾ ਜਨਮ ਸਮੇਂ ਤੋਂ ਪਹਿਲਾਂ ਹੋਇਆ ਹੈ । ਸਮੇਂ ਤੋਂ ਪਹਿਲਾਂ ਜਨਮ ਲੈਣ ਵਾਲੇ ਬੱਚਿਆਂ ਵਿੱਚੋਂ 10 ਲੱਖ ਬੱਚਿਆਂ ਦੀ ਮੌਤ ਹੋ ਗਈ ਸੀ। ਸਮੇਂ ਤੋਂ ਪਹਿਲਾਂ ਜਨਮ ਬੱਚਿਆਂ ਦੀ ਮੌਤ ਦਾ ਵੱਡਾ ਕਾਰਨ ਹੈ । ਅਜਿਹੇ ਪੰਜ ਬੱਚਿਆਂ ਵਿੱਚੋਂ ਇੱਕ ਬੱਚੇ ਦੀ ਮੌਤ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦੀ ਹੈ, ਜਦਕਿ ਗਰੀਬ ਦੇਸ਼ਾਂ ਵਿੱਚ ਦਸਾਂ ਵਿੱਚੋਂ ਇੱਕ ਬੱਚਾ ਹੀ ਸਹੀ-ਸਲਾਮਤ ਰਹਿੰਦਾ ਹੈ । ਗਰੀਬ ਤੇ ਸਿਹਤ ਸਹੂਲਤਾਂ ਦੀ ਕਮੀ ਬੱਚਿਆਂ ਦੀਆਂ ਮੌਤਾਂ ਦਾ ਵੱਡਾ ਕਾਰਨ ਹੈ । ਹਵਾ ਦਾ ਪ੍ਰਦੂਸ਼ਣ ਵੀ ਬੱਚਿਆਂ ਦੀ ਸਿਹਤ 'ਤੇ ਬਹੁਤ ਬੁਰਾ ਅਸਰ ਪਾਉਂਦਾ ਹੈ । ਇਸ ਨਾਲ ਹਰ ਸਾਲ ਲੱਖਾਂ ਬੱਚੇ ਸਮੇਂ ਤੋਂ ਪਹਿਲਾਂ ਪੈਦਾ ਹੋ ਜਾਂਦੇ ਹਨ । ਜਿਹੜੇ ਬੱਚੇ ਬਚਦੇ ਹਨ, ਉਨ੍ਹਾਂ ਨੂੰ ਅਪੰਗਤਾ ਤੇ ਹੋਰ ਅਲੁਕਵੇਂ ਵਿਕਾਸ ਦਾ ਸਾਹਮਣਾ ਕਰਨਾ ਪੈਂਦਾ ਹੈ ।

ਬੱਚਿਆਂ ਨੂੰ ਦੇਸ਼ ਦਾ ਭਵਿੱਖ ਕਿਹਾ ਜਾਂਦਾ ਹੈ, ਕਿਉਂਕਿ ਇਨ੍ਹਾਂ ਨੇ ਹੀ ਅੱਗੇ ਜਾ ਕੇ ਦੇਸ਼ ਦੀ ਵਾਂਗਡੋਰ ਸੰਭਾਲਣੀ ਹੁੰਦੀ ਹੈ । ਇਨ੍ਹਾਂ ਵਿੱਚੋਂ ਕਿਸੇ ਨੇ ਇੰਜੀਨੀਅਰ, ਡਾਕਟਰ, ਅਧਿਆਪਕ ਤੇ ਕਿਸੇ ਨੇ ਕੋਈ ਕਲਾਕਾਰ ਬਣ ਕੇ ਸਮਾਜ ਤੇ ਦੇਸ਼ ਨੂੰ ਰਾਹ ਦਿਖਾਉਣਾ ਹੁੰਦਾ ਹੈ । ਇਸ ਲਈ ਵਿੱਦਿਆ ਹਾਸਲ ਕਰਨੀ ਹਰ ਇੱਕ ਲਈ ਜ਼ਰੂਰੀ ਹੈ, ਪਰ ਵਿੱਦਿਆ ਹਾਸਲ ਕਰਨ ਦਾ ਮੌਕਾ ਵੀ ਹਰ ਇੱਕ ਨੂੰ ਨਹੀਂ ਮਿਲਦਾ । ਘਰ ਦੀਆਂ ਤੰਗੀਆਂ ਕਾਰਨ ਕਈ ਬੱਚੇ ਪੜ੍ਹਾਈ ਕਰਨ ਦੀ ਉਮਰੇ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹੋ ਜਾਂਦੇ ਹਨ । ਕਈ ਤਾਂ ਖੁਦ ਮਜਬੂਰ ਹੁੰਦੇ ਹਨ ਤੇ ਕਈਆਂ ਨੂੰ ਜ਼ਬਰਦਸਤੀ ਹੀ ਇਸ ਪਾਸੇ ਵੱਲ ਧੱਕ ਦਿੱਤਾ ਜਾਂਦਾ ਹੈ । ਅਕਸਰ ਹੀ ਅਜਿਹੇ ਬੱਚੇ ਕੂੜਿਆਂ ਦੇ ਢੇਰਾਂ ਤੋਂ ਆਪਣੇ ਲਈ ਰੋਟੀ ਤਲਾਸ਼ਦੇ ਦੇਖੇ ਜਾ ਸਕਦੇ ਹਨ । ਅਜਿਹੇ ਬੱਚਿਆਂ ਨੂੰ ਦੇਖ ਕੇ ਕਈ ਲੋਕਾਂ ਦੇ ਦਿਲ ਵਿੱਚ ਕੁਝ ਸਮੇਂ ਲਈ ਰਹਿਮ ਜ਼ਰੂਰ ਜਾਗਦਾ ਹੈ, ਪਰ ਬਾਅਦ ਵਿੱਚ ਸਭ ਭੁੱਲ-ਭੁਲਾ ਜਾਂਦੇ ਹਨ । ਭਾਰਤੀ ਸੰਵਿਧਾਨ 1950 ਦੇ 24ਵੇਂ ਅਨੁਛੇਦ ਅਨੁਸਾਰ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਜ਼ਦੂਰਾਂ, ਫੈਕਟਰੀਆਂ, ਹੋਟਲਾਂ, ਢਾਬਿਆਂ, ਘਰੇਲੂ ਨੌਕਰਾਂ ਆਦਿ ਵਜੋਂ ਕੰਮ ਕਰਨਾ ਬਲ ਮਜ਼ਦੂਰੀ ਅਧੀਨ ਆਉਂਦਾ ਹੈ । ਭਾਰਤ ਵਿੱਚ 35 ਮਿਲੀਅਨ ਤੋਂ ਵੱਧ ਬੱਚੇ ਬਾਲ ਮਜ਼ਦੂਰੀ ਵਿੱਚ ਲੱਗੇ ਹੋਏ ਹਨ। ਉਂਜ ਵਿਸ਼ਵ ਪੱਧਰ 'ਤੇ 5-17 ਸਾਲ ਦੀ ਉਮਰ ਦੇ ਵਿਚਕਾਰ 150 ਮਿਲੀਅਨ ਬੱਚੇ ਬਾਲ ਮਜ਼ਦੂਰੀ ਵਿੱਚ ਲੱਗੇ ਹੋਏ ਹਨ, ਜਿਨ੍ਹਾਂ ਵਿੱਚ ਲੱਗਭੱਗ 81 ਮਿਲੀਅਨ ਬੱਚੇ ਖਤਰਨਾਕ ਬਾਲ ਮਜ਼ਦੂਰੀ ਕਰਦੇ ਹਨ। ਬਾਲ ਮਜ਼ਦੂਰੀ ਇੱਕ ਅਜਿਹਾ ਅਪਰਾਧ ਹੈ, ਜੋ ਬੱਚੇ ਦਾ ਬਚਪਨ ਖੋਹ ਲੈਂਦਾ ਹੈ । ਬਾਲ ਮਜ਼ਦੂਰੀ ਕਾਰਨ ਬੱਚਾ ਅਨਪੜ੍ਹ ਰਹਿੰਦਾ ਹੈ, ਜਿਸ ਕਾਰਨ ਚੰਗੇ ਸਮਾਜ ਦਾ ਨਿਰਮਾਣ ਨਹੀਂ ਹੋ ਸਕਦਾ । ਬੱਚਿਆਂ ਤੋਂ ਕੰਮ ਕਰਾਉਣ ਨਾਲ ਬੱਚਿਆਂ ਦਾ ਸਰੀਰਕ, ਮਾਨਸਿਕ, ਬੌਧਿਕ ਤੇ ਸਮਾਜਿਕ ਵਿਕਾਸ ਰੁਕ ਜਾਂਦਾ ਹੈ । ਪੜ੍ਹਨ-ਲਿਖਣ ਤੇ ਖੇਡਣ-ਕੁੱਦਣ ਦੀ ਉਮਰ ਵਿੱਚ ਬੱਚਿਆਂ ਨੂੰ ਭਾਰੀ ਕੰਮ ਕਰਨੇ ਪੈਂਦੇ ਹਨ, ਜੋ ਉਨ੍ਹਾਂ ਦੇ ਮਾਨਸਿਕ ਵਿਕਾਸ ਵਿੱਚ ਰੁਕਾਵਟ ਹਨ। ਬਾਲ ਮਜ਼ਦੂਰੀ ਇੱਕ ਸਰਾਪ ਵਾਂਗ ਹੈ । ਬਾਲ ਮਜ਼ਦੂਰੀ ਦਾ ਸਭ ਤੋਂ ਵੱਡਾ ਕਾਰਨ ਗਰੀਬੀ ਹੈ । ਗਰੀਬ ਪਰਵਾਰਾਂ ਦੇ ਲੋਕ ਆਪਣਾ ਗੁਜ਼ਾਰਾ ਚਲਾਉਣ ਤੋਂ ਅਸਮਰੱਥ ਹਨ, ਜਿਸ ਕਾਰਨ ਉਹ ਆਪਣੇ ਬੱਚਿਆਂ ਨੂੰ ਬਾਲ ਮਜ਼ਦੂਰੀ ਕਰਨ ਲਈ ਭੇਜਦੇ ਹਨ । ਅਨਾਥ ਬੱਚੇ, ਜਨਸੰਖਿਆ ਵਿੱਚ ਵਾਧਾ ਆਦਿ ਹੋਰ ਵੀ ਬਹੁਤ ਸਾਰੇ ਕਾਰਨਾਂ ਕਰਕੇ ਬੱਚੇ ਬਾਲ ਮਜ਼ਦੂਰੀ ਕਰਦੇ ਹਨ । ਨੈਸ਼ਨਲ ਫੈਮਿਲੀ ਹੈਲਥ ਸਰਵੇ ਨੇ ਰਾਸ਼ਟਰੀ ਪੱਧਰ 'ਤੇ ਆਪਣੀ ਪੰਜਵੀਂ ਰਿਪੋਰਟ ਸਾਲ 2019 ਤੋਂ 2021 ਤੱਕ ਛਾਪੀ ਹੈ । ਇਸ ਰਿਪੋਰਟ ਅਨੁਸਾਰ ਸਕੂਲ ਪੱਧਰ 'ਤੇ 36 ਫੀਸਦੀ ਲੜਕੇ ਅਤੇ 21 ਫੀਸਦੀ ਲੜਕੀਆਂ ਸਕੂਲ ਛੱਡ ਜਾਂਦੀਆਂ ਹਨ । ਇਹ ਡਰਾਪ ਆਊਟ 6 ਤੋਂ 17 ਸਾਲ ਦੇ ਹਨ ।



ਬਾਲ ਮਜ਼ਦੂਰੀ ਨੂੰ ਖਤਮ ਕਰਨਾ ਸਰਕਾਰ ਦਾ ਫ਼ਰਜ਼ ਨਹੀਂ, ਸਗੋਂ ਸਾਡਾ ਵੀ ਫ਼ਰਜ਼ ਹੈ । ਹਰੇਕ ਲਈ ਲਾਜ਼ਮੀ ਸਿੱਖਿਆ ਦਾ ਕਾਨੂੰਨ 2009 ਬਣਾਇਆ ਗਿਆ । ਇਸ ਕਾਨੂੰਨ ਤਹਿਤ 5 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਲਈ ਮੁਫਤ ਅਤੇ ਲਾਜ਼ਮੀ ਸਿੱਖਿਆ ਦੀ ਵਿਵਸਥਾ ਕੀਤੀ ਗਈ ਹੈ, ਪਰ ਫਿਰ ਵੀ ਇਸ ਉਮਰ ਦੇ ਬੱਚੇ ਸਕੂਲ ਜਾਣ ਦੀ ਬਜਾਏ ਬਾਲ ਮਜ਼ਦੂਰੀ ਕਰਦੇ ਹਨ। ਜਿਸ ਉਮਰ ਵਿੱਚ ਬੱਚਿਆਂ ਨੇ ਹੱਸਣਾ ,ਖੇਡਣਾ ਅਤੇ ਪੜ੍ਹਾਈ ਕਰਨੀ ਹੁੰਦੀ ਹੈ, ਉਸ ਉਮਰ ਵਿੱਚ ਬੱਚੇ ਕੰਮ ਕਰਨਗੇ ਤਾਂ ਦੇਸ਼ ਦਾ ਭਵਿੱਖ ਖਰਾਬ ਹੋ ਜਾਵੇਗਾ । ਭਾਰਤ ਲਈ ਬਾਲ ਮਜ਼ਦੂਰੀ ਵਰਗੀ ਭੈੜੀ ਪ੍ਰਥਾ ਨੂੰ ਜੜ੍ਹੋਂ ਪੁੱਟਣਾ ਬਹੁਤ ਜ਼ਰੂਰੀ ਹੈ ।

ਅਜੋਕੇ ਸਮੇਂ ਬੱਚਿਆਂ 'ਤੇ ਬਹੁਤ ਮਾਨਸਿਕ ਦਬਾਅ ਹਨ । ਖੇਡਣ-ਕੁੱਦਣ ਦੀ ਉਮਰ ਵਿੱਚ ਹੀ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਚਿੰਤਾਵਾਂ ਵਿੱਚ ਪਾ ਦਿੱਤਾ ਜਾਂਦਾ ਹੈ । ਚਾਲੀ ਕੁ ਸਾਲ ਦੀ ਉਮਰ ਵਿੱਚ ਹੀ ਬੱਚੇ ਨੂੰ ਸਕੂਲ ਵਿੱਚ ਪੜ੍ਹਾਉਣ ਦੀ ਬਜਾਏ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਨੂੰ ਤਰਜੀਹ ਦਿੰਦੇ ਹਨ । ਤਿੰਨ ਕੁ ਸਾਲ ਦੇ ਮਾਸੂਮ ਬੱਚੇ ਨੂੰ ਬੈਲਟ ਤੇ ਟਾਈ ਵਿੱਚ ਜਕੜ ਕੇ ਤੇ ਉਸ ਦੀ ਪਿੱਠ 'ਤੇ ਸਕੂਲ ਬੈਗ ਦਾ ਪਿੱਠੂ ਲਟਕਾ ਕੇ ਸਕੂਲ ਵੈਨ ਵਿੱਚ ਚੜ੍ਹਾ ਦਿੱਤਾ ਜਾਂਦਾ ਹੈ । ਜਬਰੀ ਥੋਪੇ ਅਨੁਸ਼ਾਸਨ ਵਿੱਚ ਬੱਝਿਆ ਬੱਚਾ ਇਸ ਅਜੀਬ ਵਰਤਾਰੇ ਤੋਂ ਬੇਹੱਦ ਤੰਗੀ ਮਹਿਸੂਸ ਕਰਦਾ ਹੈ । ਸਕੂਲ ਜਾਣ ਤੋਂ ਬਾਅਦ ਅਕਸਰ ਹੀ ਬੱਚਿਆਂ ਦਾ ਖੇਡਣਾ-ਕੁੱਦਣਾ ਬਹੁਤ ਘਟ ਜਾਂਦਾ ਹੈ ।

ਹੋਮ ਵਰਕ ਦੇ ਨਾਂਅ 'ਤੇ ਮਾਪੇ ਮਾਸੂਮ ਬੱਚਿਆਂ ਨੂੰ ਹੋਰ ਮਾਨਸਿਕ ਕਸ਼ਟ ਝੱਲਣ ਲਈ ਮਜਬੂਰ ਕਰਦੇ ਹਨ । ਮਹਿੰਗੇ ਸਕੂਲਾਂ ਦੀਆਂ ਫੀਸਾਂ ਤੇ ਹੋਰ ਖਰਚੇ ਮਾਪਿਆਂ ਨੂੰ ਹਮੇਸ਼ਾ ਉਕਸਾਈ ਰੱਖਦੇ ਹਨ । ਮਾਪਿਆਂ ਦੀ ਇੱਛਾ ਹੁੰਦੀ ਹੈ ਕਿ ਬੱਚਾ ਜਲਦੀ ਪੜ੍ਹਾਈ ਵਿੱਚ ਪ੍ਰਵੀਨ ਹੋ ਜਾਵੇ । ਬੱਚਾ ਸਾਰਾ ਦਿਨ ਘਰ ਤੋਂ ਸਕੂਲ, ਸਕੂਲ ਤੋਂ ਘਰ, ਘਰ ਤੋਂ ਟਿਊਸ਼ਨ ਤੇ ਟਿਊਸ਼ਨ ਤੋਂ ਬਾਅਦ ਹੋਮ ਵਰਕ ਮੁਕਾਉਣ ਦੇ ਚੱਕਰਵਿਊ ਵਿੱਚ ਏਨਾ ਉਲਝ ਜਾਂਦਾ ਹੈ ਕਿ ਉਹ ਬਾਹਰ ਜਾ ਕੇ ਖੇਡਣ-ਕੁੱਦਣ ਲਈ ਵੀ ਤਰਸ ਜਾਂਦਾ ਹੈ । ਬੱਚਿਆਂ ਦੇ ਚਿਹਰਿਆਂ ਵੱਲ ਤੱਕਿਆਂ ਉਨ੍ਹਾਂ ਦੀਆਂ ਉਦਾਸ ਅੱਖਾਂ ਵਿੱਚੋਂ ਇਹ ਇਬਾਰਤ ਪੜ੍ਹੀ ਜਾ ਸਕਦੀ ਹੈ । ਬਚਪਨ ਬਹੁਤ ਭੋਲਾ ਤੇ ਮਾਸੂਮ ਹੁੰਦਾ ਹੈ । ਬੇਪ੍ਰਵਾਹੀ ਦੇ ਇਸ ਆਲਮ ਵਿੱਚ ਜੋ ਜੀਅ ਕਰੇ, ਕਰਨ ਦੀ ਪੂਰੀ ਖੁੱਲ੍ਹ ਹੁੰਦੀ ਹੈ । ਬਚਪਨ ਦੀਆਂ ਮਨਮਾਨੀਆਂ, ਮਾਸੂਮ ਸ਼ਰਾਰਤਾਂ ਤੇ ਹਰ ਕਿਸੇ ਨੂੰ ਮੋਹ ਲੈਣ ਵਾਲੀਆਂ ਤੋਤਲੀਆਂ ਗੱਲਾਂ ਬੱਚੇ ਦੇ ਬਚਪਨ ਦੇ ਵਰ੍ਹਿਆਂ ਨੂੰ ਅਸਲ ਅਰਥਾਂ ਵਿੱਚ ਬਾਦਸ਼ਾਹੀ ਬਣਾਉਂਦੀਆਂ ਹਨ, ਪਰ ਅਜੋਕੇ ਸਮੇਂ ਬੱਚਿਆਂ ਦੇ ਜਨਮ ਦੇ ਨਾਲ ਹੀ ਮਾਪੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੇ ਸੁਪਨੇ ਸਿਰਜਣ ਲੱਗ ਜਾਂਦੇ ਹਨ । ਬੱਚਿਆਂ ਦੀ ਸਿਹਤ ਪ੍ਰਤੀ ਮਾਪੇ ਜਿੰਨੇ ਵੱਧ ਚਿੰਤਾਵਾਨ ਹੁੰਦੇ ਹਨ, ਓਨੇ ਹੀ ਬੱਚੇ ਕਮਜ਼ੋਰ ਨਜ਼ਰ ਆਉਂਦੇ ਹਨ । ਇਨ੍ਹਾਂ ਮਾਸੂਮ ਜਿਹੇ ਬੱਚਿਆਂ ਨੂੰ ਮੋਟੇ-ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਲੱਗੀਆਂ ਨਜ਼ਰ ਆਉਂਦੀਆਂ ਹਨ । ਬੱਚਿਆਂ ਨੂੰ ਪੌਸ਼ਟਿਕ ਖੁਰਾਕ ਦੇਣ ਦੇ ਬਾਵਜੂਦ ਮਾਪੇ ਚਿੰਤਾ ਵਿੱਚ ਹਨ ਕਿ ਉਨ੍ਹਾਂ ਦੇ ਬੱਚੇ ਹੇਠਾਂ ਹੀ ਹੇਠਾਂ ਵੱਲ ਤੁਰੇ ਜਾਂਦੇ ਹਨ । ਬਿਨਾਂ ਸ਼ੱਕ ਫਾਸਟ ਫੂਡ ਨੇ ਬੱਚਿਆਂ ਦੀ ਸਿਹਤ ਨੂੰ ਪ੍ਰਭਾਵਿਤ ਕੀਤਾ ਹੈ । ਬੱਚੇ ਅਕਸਰ ਘਰ ਵਿੱਚ ਰਵਾਇਤੀ ਭੋਜਨ ਖਾਣ ਤੋਂ ਕੰਨੀ ਕਤਰਾਉਂਦੇ ਹਨ । ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਘਰ ਦਾ ਰਵਾਇਤੀ ਭੋਜਨ ਖਾਣ ਲਈ ਪ੍ਰੇਰਿਤ ਕਰਨ ਤਾਂ ਜੋ ਬੱਚੇ ਸਿਹਤਮੰਦ ਤੇ ਬਿਹਤਰ ਜੀਵਨ ਜੀਅ ਸਕਣ ।

ਅਜੋਕੇ ਸਮੇਂ ਦੀ ਸੋਚ ਨੇ ਮਾਸੂਮ ਤੇ ਫੁੱਲਾਂ ਵਰਗੇ ਕੋਮਲ ਬੱਚਿਆਂ ਨੂੰ ਦੌੜਨ ਲਈ ਮਜਬੂਰ ਕਰਕੇ ਉਨ੍ਹਾਂ ਤੋਂ ਉਨ੍ਹਾਂ ਦਾ ਰਾਂਗਲਾ ਬਚਪਨ ਖੋਹ ਲਿਆ ਹੈ । ਬੱਚੇ ਸਾਡਾ ਵਡਮੁੱਲਾ ਸਰਮਾਇਆ ਹਨ । ਇਨ੍ਹਾਂ ਨੂੰ ਖਿੜਨ ਤੇ ਮਹਿਕਣ ਦੇਣਾ ਚਾਹੀਦਾ ਹੈ । ਗੁੰਮ-ਸੁਧ ਰਹਿਣ ਵਾਲੇ ਬੱਚਿਆਂ ਨੂੰ ਵੀ ਕਦੇ ਖੇਡਦੇ ਤੱਕੀਏ ਤਾਂ ਉਨ੍ਹਾਂ ਦੇ ਚਿਹਰੇ ਵੀ ਫੁੱਲਾਂ ਵਾਂਗ ਖਿੜੇ ਨਜ਼ਰ ਆਉਣਗੇ । ਬੱਚਿਆਂ ਦੇ ਮੁਰਝਾਏ ਚਿਹਰਿਆਂ ਦੀ ਵਿਰਾਨੀ ਸਮੁੱਚੇ ਸਮਾਜ ਲਈ ਕਈ ਤਰ੍ਹਾਂ ਦੇ ਸੰਕਟ ਪੈਦਾ ਕਰਦੀ ਹੈ । ਬੱਚੇ ਦੇ ਸਰਵਪੱਖੀ ਵਿਕਾਸ ਤੇ ਨਰੋਈ ਸਿਹਤ ਲਈ ਸਹਿਪਾਠੀ ਕਿਰਿਆਵਾਂ ਅਤੇ ਖੇਡਣ-ਕੁੱਦਣ ਦਾ ਵਿਸ਼ੇਸ਼ ਮਹੱਤਵ ਹੈ । ਬੱਚਿਆਂ ਦੇ ਮਨ ਵਿੱਚ ਤਣਾਅ ਪੈਦਾ ਕਰਕੇ ਜਾਂ ਵੱਡੀਆਂ ਆਸਾਂ ਰੱਖ ਕੇ ਪ੍ਰਾਪਤੀ ਸੰਭਵ ਨਹੀਂ ਹੈ । ਬਚਪਨ ਹੱਸਦਾ, ਖੇਡਦਾ, ਖਿੜਖਿੜਾਉਂਦਾ ਹੀ ਮਨਾਂ ਨੂੰ ਸਰਸ਼ਾਰ ਕਰ ਸਕਦਾ ਹੈ । ਬੱਚੇ ਕੁਦਰਤ ਦੀ ਅਦਭੁੱਤ ਤੇ ਖ਼ੂਬਸੂਰਤ ਸਿਰਜਣਾ ਹਨ । ਇਹ ਸੰਸਾਰ ਬੱਚਿਆਂ ਨਾਲ ਹੀ ਸੁਹਾਵਣਾ ਨਜ਼ਰ ਆਉਂਦਾ ਹੈ ।

*# **ਸੰਪਰਕ** : 98146-62260*

CMYK

# ਵੱਖ-ਵੱਖ ਥਾਈਂ ਆਜ਼ਾਦੀ ਦਿਹਾੜਾ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)**-ਲੋਕ ਸਭਾ ਮੈਂਬਰ ਸੁਸੀਲ ਕੁਮਾਰ ਰਿੰਕੂ ਨੇ ਮੰਗਲਵਾਰ ਨੂੰ ਆਜਾਦੀ ਦਿਵਸ ਮੌਕੇ ਸਥਾਨਕ ਡਾ: ਭੀਮ ਰਾਓ ਅੰਬੇਡਕਰ ਚੌਂਕ ਵਿਖੇ 12.89 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ 100 ਫੁੱਟ ਉੱਚਾ ਰਾਸ਼ਟਰੀ ਝੰਡਾ ਲਹਿਰਾਇਆ। ਇਸ ਮੌਕੇ ਵਿਧਾਇਕ ਰਮਨ ਅਰੋੜਾ ਵੀ ਉਨਾਂ ਦੇ ਨਾਲ ਸਨ। ਰਾਸਟਰੀ ਝੰਡਾ ਲਹਿਰਾਉਣ ਤੋਂ ਬਾਅਦ ਰਿੰਕੂ ਨੇ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਅੱਜ ਦੇਸ਼ ਵਿੱਚ ਏਕਤਾ ਅਤੇ ਆਪਸੀ ਸਦਭਾਵਨਾ ਨੂੰ ਮਜਬੂਤ ਕਰਨ ਦੀ ਲੋੜ ਹੈ ਤਾਂ ਜੋ ਸਾਡੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਪ੍ਰਾਪਤ ਹੋਈ ਇਸ ਆਜਾਦੀ ਨੂੰ ਬਰਕਰਾਰ ਰੱਖਿਆ ਜਾ ਸਕੇ। ਇਸ ਮੌਕੇ ਚੇਅਰਪਰਸਨ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਰਾਜਵਿੰਦਰ ਕੌਰ ਥਿਆੜਾ, ਮਨਜੀਤ ਸਿੰਘ ਟੀਟੂ, ਮੇਜਰ ਸਿੰਘ, ਸਾਂਝ ਸਮਾਜ ਵੈਲਫੇਅਰ ਸੁਸਾਇਟੀ ਅਬਾਦਪੁਰਾ ਦੇ ਕਨਵੀਨਰ ਪ੍ਰੇਮਪਾਲ ਦਾਬੇਲੀ, ਚੇਅਰਮੈਨ ਸੁੱਚਾ ਸਿੰਘ, ਉਪ ਚੇਅਰਮੈਨ ਧਰਮਿੰਦਰ ਸਿੰਘ, ਪ੍ਰਧਾਨ ਵਰਿੰਦਰ ਬੰਗਾ, ਕੈਸ਼ੀਅਰ ਰਮੇਸ਼ ਬਾਲੀ ਆਦਿ ਹਾਜਰ ਸਨ।

**ਬਹਿਰਾਮ (ਅਵਤਾਰ ਕਲੇਰ)**- ਐੱਨ ਆਰ ਆਈ ਅਫੇਅਰਜ਼ ਅਤੇ ਪ੍ਰਬੰਧਕੀ ਸੁਧਾਰ ਮੰਤਰੀ, ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਆਈ.ਟੀ.ਆਈ ਗਰਾਊਂਡ ਵਿਖੇ ਜ਼ਿਲ੍ਹਾ ਪੱਧਰੀ ਅਜ਼ਾਦੀ ਦਿਵਸ ਸਮਾਗਮ ਵਿੱਚ ਕੌਮੀ ਝੰਡਾ ਲਹਿਰਾਇਆ। ਇਸ ਤੋਂ ਪਹਿਲਾਂ ਉਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਨੂੰ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਬਣੀਆਂ ਯਾਦਗਾਰਾਂ ਵਿਖੇ ਨਤਮਸਤਕ ਹੋਣ ਪੁੱਜੇ। ਆਈ.ਟੀ.ਆਈ ਗਰਾਊਂਡ ਵਿਖੇ ਝੰਡਾ ਲਹਿਰਾਉਣ ਉਪਰੰਤ ਉਨ੍ਹਾਂ ਨੇ ਪਰੇਡ ਦਾ ਨਿਰੀਖਣ ਕੀਤਾ ਤੇ ਮਾਰਚ ਪਾਸਟ ਤੋਂ ਸਲਾਮੀ ਵੀ ਲਈ। ਇਸ ਮੌਕੇ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐੱਸ ਐੱਸ ਪੀ ਡਾ ਅਖਿਲ ਚੌਧਰੀ ਵੀ ਮੌਜੂਦ ਸਨ। ਧਾਲੀਵਾਲ ਨੇ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਕਰਕੇ ਹੀ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਨੇ ਸਰਕਾਰ ਵਲੋਂ ਪਿੱਛਲੇ ਸਮੇਂ ਦੌਰਾਨ ਕੀਤੀਆਂ ਗਈਆਂ ਉਪਲਬੱਧਦੀਆਂ ਸਬੰਧੀ ਵਿਸਥਾਰ ਦੇ ਨਾਲ ਜਾਣਕਾਰੀ ਦਿੱਤੀ। ਸਮਾਗਮ ਦੌਰਾਨ ਉਨ੍ਹਾਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੱਲੋਂ ਲੋੜਵੰਦਾਂ ਨੂੰ ਟ੍ਰਾਈਸਾਈਕਲ ਅਤੇ ਸਿਲਾਈ ਮਸ਼ੀਨਾਂ ਵੀ ਭੇਟ ਕੀਤੀਆਂ। ਇਸ ਤੋਂ ਇਲਾਵਾ ਪਰੇਡ ਕਮਾਂਡਰ ਸਮੇਤ ਵੱਖ-ਵੱਖ ਖੇਤਰਾਂ ਦੇ ਵਿੱਚ ਉਪਲਬੱਧੀਆਂ ਹਾਸਲ ਕਰਨ ਅਤੇ ਵਿਭਾਗਾਂ ਦੇ ਵਿੱਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀ/ਕਰਮਚਾਰੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਵਿਭਾਗਾਂ ਵੱਲੋਂ ਲੋਕ ਜਾਗਰੂਕਤਾ ਲਈ ਕੱਢੀਆਂ ਗਈਆਂ ਝਾਕੀਆਂ ਵੀ ਮਾਰਚ ਪਾਸਟ ਦਾ ਹਿੱਸਾ ਸਨ। ਸਮਾਗਮ ਦੌਰਾਨ ਐੱਮ ਐੱਲ ਏ ਬਲਾਚੌਰ ਸੰਤੋਸ਼ ਕਟਾਰੀਆ, ਐਮ ਐਲ ਏ ਨਵਾਂਸ਼ਹਿਰ ਡਾ. ਨਛੱਤਰ ਪਾਲ, ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ, ਆਪ ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ, ਪ੍ਰਧਾਨ ਸਤਨਾਮ ਸਿੰਘ ਜਲਾਲਪੁਰ, ਚੇਅਰਮੈਨ ਇੰਪਰੂਵਮੈਂਟ ਟਰੱਸਟ ਸਤਨਾਮ ਸਿੰਘ ਜਲਵਾਹਾ, ਗਗਨ ਅਗਨੀਹੋਰਤੀ ਚੇਅਰਮੈਨ ਮਾਰਕਿਟ ਕਮੇਟੀ, ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ, ਹਰਜੋਤ ਕੌਰ, ਰਾਜਦੀਪ ਸ਼ਰਮਾ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ, ਵਨੀਤ ਜਾਡਲਾ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ ਸਮੇਤ ਵੱਡੀ ਗਿਣਤੀ 'ਚ ਜ਼ਿਲ੍ਹੇ ਦੇ ਅਧਿਕਾਰੀ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਮੌਜੂਦ ਸਨ।



15 ਅਗਸਤ 'ਤੇ ਛੋਟਾ ਬੱਚਾ ਤਨਵੀਰ ਫਿਲੌਰ ਵਿਖੇ ਝੰਡਾ ਲਹਿਰਾ ਕੇ ਅਜ਼ਾਦੀ ਦਿਹਾੜਾ ਮਨਾਉਂਦਾ ਹੋਇਆ। (ਫੋਟੋ ਤੇ ਵੇਰਵਾ : ਨਿਰਮਲ ਫਿਲੌਰ)

**ਐੱਸ ਏ ਐੱਸ ਨਗਰ, (ਗੁਰਜੀਤ ਗਿੱਲ, ਕ੍ਰਿਸ਼ਨ ਗਰਗ)** ਪੰਜਾਬ ਦੇ ਰੋਜਗਾਰ ਉਤਪਤੀ, ਨਵੇਂ ਅਤੇ ਨਵਿਆਉਣਯੋਗ ਊਰਜਾ ਸ੍ਰੋਤ, ਪ੍ਰਸ਼ਾਸਨਿਕ ਸੁਧਾਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗਾਂ ਦੇ ਮੰਤਰੀ ਅਮਨ ਅਰੋੜਾ ਨੇ ਮੋਹਾਲੀ ਦੇ ਮੇਜਰ (ਸ਼ਹੀਦ) ਹਰਮਿੰਦਰ ਪਾਲ ਸਿੰਘ ਸਰਕਾਰੀ ਕਾਲਜ ਵਿਖੇ ਦੇਸ਼ ਦੇ 77ਵੇਂ ਆਜਾਦੀ ਦਿਵਸ ਮੌਕੇ ਕੌਮੀ ਝੰਡਾ ਲਹਿਰਾਇਆ। ਅਰੋੜਾ ਨੇ ਇਸ ਮੌਕੇ ਆਖਿਆ ਕਿ ਆਜਾਦੀ ਦਿਹਾੜਾ ਸਾਨੂੰ ਦੇਸ਼ ਦੇ ਮਹਾਨ ਆਜਾਦੀ ਪ੍ਰਵਾਨਿਆਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਲਈ ਮਾਣ ਦੀ ਗੱਲ ਹੈ ਕਿ ਦੇਸ਼ ਦੀ ਆਜਾਦੀ ਦੀ ਉਸ ਮਹਾਨ ਲੜਾਈ 'ਚ ਜੇ ਸਭ ਤੋਂ ਵੱਧ ਕਿਸੇ ਦੀਆਂ ਕੁਰਬਾਨੀਆਂ ਰਹੀਆਂ ਤਾਂ ਉਹ ਪੰਜਾਬੀਆਂ ਦੀਆਂ ਰਹੀਆਂ। ਉਨ੍ਹਾਂ ਨੇ ਡੀ ਸੀ ਆਸ਼ਿਕਾ ਜੈਨ ਅਤੇ ਐਸ ਐਸ ਪੀ ਡਾ. ਸੰਦੀਪ ਗਰਗ ਨਾਲ ਸਟੇਡੀਅਮ 'ਚ ਪਰੇਡ ਦਾ ਨਿਰੀਖਣ ਕੀਤਾ ਅਤੇ ਡੀ ਐਸ ਪੀ ਪ੍ਰੀਆ ਖੇੜਾ ਦੀ ਅਗਵਾਈ 'ਚ ਕੀਤੇ ਗਏ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਮੌਕੇ ਮੁੱਖ ਮਹਿਮਾਨ ਵੱਲੋਂ ਵੱਖ-ਵੱਖ ਖੇਤਰਾਂ 'ਚ ਉਪਬਧੀਆਂ ਹਾਸਲ ਕੁੱਲ 74 ਸ਼ਖਸੀਅਤਾਂ, ਸਮਾਜ ਸੇਵੀਆਂ, ਅਧਿਆਪਕਾਂ, ਵਿਦਿਆਰਥੀਆਂ, ਖਿਡਾਰੀਆਂ ਅਤੇ ਕਰਮਚਾਰੀਆਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐਮ ਐਲ ਏ ਮੋਹਾਲੀ ਕੁਲਵੰਤ ਸਿੰਘ, ਰੂਪਨਗਰ ਡਿਵੀਜਨ ਦੇ ਕਮਿਸ਼ਨਰ ਇੰਦੂ ਮਲਹੋਤਰਾ, ਆਈ ਜੀ ਰੂਪਨਗਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ, ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸੰਨੀ ਸਿੰਘ ਆਹਲੂਵਾਲੀਆ, ਮਿਲਕਫੈਡ ਪੰਜਾਬ ਦੇ ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਪ੍ਰਭਜੋਤ ਕੌਰ ਅਤੇ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ ਤੋਂ ਇਲਾਵਾ ਸਕੂਲੀ ਬੱਚੇ ਵੀ ਵੱਡੀ ਗਿਣਤੀ 'ਚ ਮੌਜੂਦ ਸਨ।

**ਕਪੂਰਥਲਾ, (ਰਾਵਿੰਦਰ ਸਿੰਘ)**- ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ 77ਵੇਂ ਆਜ਼ਾਦੀ ਦਿਹਾੜੇ ਮੌਕੇ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਦੇਸ਼ ਦੇ ਸਰਵਪੱਖੀ ਵਿਕਾਸ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹੋਏ ਹੋਰ ਵੀ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਣ ਤਾਂ ਜੋ ਭਾਰਤ ਹਰ ਖੇਤਰ ਵਿਚ ਖੁਸ਼ਹਾਲ ਅਤੇ ਲਾਮਿਸਾਲ ਤਰੱਕੀ ਕਰ ਸਕੇ। ਸਥਾਨਕ ਗੁਰੂ ਨਾਨਕ ਸਟੇਡੀਅਮ ਵਿਖੇ ਕੌਮੀ ਝੰਡਾ ਚੜਾਉਂਣ ਉਪਰੰਤ ਡਿਪਟੀ ਕਮਿਸ਼ਨਰ ਕੈਪਟਨ ਕਰਨੈਲ ਸਿੰਘ ਨੇ ਆਪਣੇ ਸੰਦੇਸ਼ ਵਿਚ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ, ਆਜ਼ਾਦੀ ਘੁਲਾਟੀਆਂ, ਵੱਖ-ਵੱਖ ਸੈਨਾਵਾਂ ਅਤੇ ਪੁਲਿਸ ਫੋਰਸਾਂ ਦੇ ਸ਼ਹੀਦਾਂ ਨੂੰ ਸਿਜਦਾ ਕਰਦਿਆਂ ਕਿਹਾ ਕਿ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅੱਜ ਸਾਰਾ ਦੇਸ਼ ਆਜ਼ਾਦੀ ਦਾ ਨਿੱਘ ਮਾਣ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਐਸ.ਐਸ.ਪੀ ਰਾਜਪਾਲ ਸਿੰਘ ਸੰਧੂ ਸਮੇਤ ਪਰੇਡ ਦਾ ਨਿਰੀਖਣ ਵੀ ਕੀਤਾ ਜਿਸ ਤੋਂ ਬਾਅਦ ਪਰੇਡ ਕਮਾਂਡਰ ਡੀ.ਐਸ.ਪੀ ਖੁਸ਼ਪ੍ਰੀਤ ਸਿੰਘ ਦੀ ਅਗਵਾਈ ਵਿਚ ਮਾਰਚ ਪਾਸਟ ਵਲੋਂ ਡਿਪਟੀ ਕਮਿਸ਼ਨਰ ਨੂੰ ਸਲਾਮੀ ਵੀ ਦਿੱਤੀ ਗਈ। ਇਸ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਕਪੂਰਥਲਾ ਦੀਆਂ ਵਿਦਿਆਰਥਣਾਂ ਵਲੋਂ ਸ਼ਬਦ ਗਾਇਨ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਵਾਨੀਪੁਰ ਦੇ ਵਿਦਿਆਰਥੀਆਂ ਵਲੋਂ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਕੀਤੀ ਗਈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਪੰਜਾਬ ਦੇ ਲੋਕ ਨਾਚ ਗਿੱਧੇ ਦੀ ਪੇਸ਼ਕਾਰੀ ਕੀਤੀ। ਡਿਪਟੀ ਕਮਿਸ਼ਨਰ ਵਲੋਂ ਆਜ਼ਾਦੀ ਘੁਲਾਟੀਏ ਪ੍ਰੇਮ ਸਾਗਰ ਅਤੇ ਆਜ਼ਾਦੀ ਘੁਲਾਟੀਆਂ ਦੇ ਪਰਵਾਰਕ ਮੈਂਬਰਾਂ ਨੂੰ ਸਨਮਾਨ ਚਿੰਨ ਵੀ ਭੇਟ ਕੀਤੇ ਗਏ ਅਤੇ ਉਨ੍ਹਾਂ ਨਾਲ ਗੱਲਬਾਤ ਵੀ ਕੀਤੀ ਗਈ। ਉਨ੍ਹਾਂ ਨੇ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ ਅਤੇ ਟ੍ਰਾਈਸਾਈਕਲ ਵੀ ਵੰਡੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਗੁਰਪਾਲ ਸਿੰਘ ਇੰਡੀਅਨ, ਕਮਿਸ਼ਨਰ ਨਗਰ ਨਿਗਮ ਅਨੁਪਮ ਕਲੇਰ, ਆਮ ਆਦਮੀ ਪਾਰਟੀ ਦੇ ਆਗੂ ਮੰਜੂ ਰਾਣਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਆਦਿ ਮੌਜੂਦ ਸਨ।

**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)**- ਪੀ. ਡਬਲਯੂ. ਡੀ. ਵਰਕਰਜ ਯੂਨੀਅਨ ਇੰਟਕ) ਬਰਾਂਚ ਫਗਵਾੜਾ ਵੱਲੋਂ ਯੂਨੀਅਨ ਦੇ ਦਫਤਰ ਫਗਵਾੜਾ ਵਿਖੇ ਅਜ਼ਾਦੀ ਦਾ ਦਿਹਾੜਾ ਜ਼ੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਝੰਡਾ ਲਹਿਰਾਉਣ ਦੀ ਰਸਮ ਪਰਵਿੰਦਰ ਕੁਮਾਰ ਪ੍ਰਧਾਨ ਫਗਵਾੜਾ ਨੇ ਕੀਤੀ। ਯੂਨੀਅਨ ਵੱਲੋਂ ਸਾਰੇ ਦੇਸ਼ ਵਾਸੀਆਂ ਨੂੰ ਅਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਸੁਰਜੀਤ ਲਾਲ ਚਾਚੋਕੀ ਜਨਰਲ ਸਕੱਤਰ, ਸੁਰਜੀਤ ਸਿੰਘ ਮਾਹੀ ਵਰਕਿੰਗ ਪ੍ਰਧਾਨ, ਸ਼ਾਮ ਸਿੰਘ ਅੱਤਰੀ ਵਿੱਤ ਸਕੱਤਰ ਪੰਜਾਬ, ਜਸਪ੍ਰੀਤ ਸਿੰਘ ਐਸ. ਡੀ. ਓ. ਫਗਵਾੜਾ, ਸੁਖਦੇਵ ਸਿੰਘ ਐਸ ਡੀ ਓ ਰਾਜੀਵ ਉੱਪਲ ਏ. ਈ. ਫਗਵਾੜਾ, ਪੁਨੀਤ ਮੱਟੂ ਤਾਰਾ ਰਾਮ,ਧਰਮਵੀਰ,ਰੂਪ ਲਾਲ, ਚਾਂਦ, ਨਿਰਮਲ ਸਿੰਘ ਫਿਲੌਰ, ਰਾਜ ਕੁਮਾਰ ਨਕੋਦਰ, ਮਾ. ਹੰਸ ਰਾਜ ਪੈਨਸ਼ਨਰ ਆਗੂ ਸੁਰਿੰਦਰ ਪਾਲ ਅਤੇ ਹੋਰ ਅਹੁਦੇਦਾਰ ਤੇ ਵਰਕਰਜ ਸ਼ਾਮਿਲ ਸਨ।

**ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ, ਕੁਲਵੀਰ ਸਿੰਘ ਕਾਹਲੋਂ)**-ਐਕਸ ਸਰਵਿਸ ਮੈਨ ਵੈਲਫੇਅਰ ਐਸ਼ੋਸੀਏਸ਼ਨ ਭੋਗਪੁਰ ਵਲੋਂ ਸੁਤੰਤਰਤਾ ਦਿਵਸ ਬਹੁਤ ਹੀ ਵਧੀਆ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਮਨਾਇਆ ਗਿਆ। ਜਰਨਲ ਏਕ ਰੂਪ ਸਿੰਘ ਘੁੰਮਣ ਮੈਮ ਗਿੰਨੀ ਘੁੰਮਣ ਕਰਨਲ ਚਰਨਜੀਤ ਸਿੰਘ ਧਾਮੀ, ਰਿਟਾਇਰ ਜੱਜ ਦਰਸ਼ਨ ਸਿੰਘਪੰਜਾਬ ਦੇ ਪ੍ਰਧਾਨ ਡਾਕਟਰ ਅਸ਼ੋਕ ਸਹੋਤਾ, ਐਡਵੋਕੇਟ ਸੁਧਾ ਰੰਚਨਾ ਜੀ ,ਈਓ, ਸੱਤ ਸਕੂਲਾਂ ਦੇ ਪ੍ਰਿੰਸੀਪਲ ਅਤੇ ਚਾਰ ਜ਼ਿਲ੍ਹਿਆਂ ਦੇ ਸਾਬਕਾ ਸੈਨਿਕਾਂ ਦੇ ਜ਼ਿਲ੍ਹਾ ਪ੍ਰਧਾਨਾਂ ਨੇ ਸ਼ਿਰਕਤ ਕੀਤੀ। ਤਿਰੰਗੇ ਝੰਡੇ ਨੂੰ ਲਹਿਰਾਉਣ ਦੀ ਰਸਮ ਮੁੱਖ ਮਹਿਮਾਨ ਜਰਨਲ ਇੱਕ ਰੂਪ ਸਿੰਘ ਘੁੰਮਣ ਰਿਟਾ: ਵੱਲੋਂ ਨਿਭਾਈ ਗਈ। ਬੁਲਾਰਿਆਂ ਵੱਲੋਂ ਬਾਬਾ ਸੁਰਜੀਤ ਸਿੰਘ , ਨਿਸ਼ਾਨ ਬਹਰਾਮੀਆਂ ਚਰਨਜੀਤ ਸਿੰਘ ਬੀਡੀਪੀਓ ਰਾਮ ਲੁਭਾਇਆ ਰਿਟਾ:ਨੇ ਆਜਾਦੀ ਦੀ ਮਹੱਤਤਾ ਆਜਾਦੀ ਗੁਲਾਟੀਆਂ ਦੀਆਂ ਸ਼ਹਾਦਤਾਂ ਬਾਰੇ ਡਿਟੇਲ ਵਿੱਚ ਜਾਣਕਾਰੀ ਦਿੱਤੀ। ਅੱਵਲ ਆਏ ਹੋਏ ਬੱਚਿਆਂ ਨੂੰ 500 ਰੁਪਏ ਪਰ ਬੱਚਾ ਰਾਸ਼ੀ ਐਨ ਆਰ ਆਈ ਵੀਰ ਮਨਦੀਪ ਸਿੰਘ ਲਾਧੜਾ ਵੱਲੋਂ ਦਿੱਤੀ ਗਈ। ਸਟੇਜ ਸੈਕਟਰੀ ਦੀ ਸੇਵਾ ਸੁਰਜੀਤ ਲਾਲ ਨੇ ਨਿਭਾਈ। ਇਸ ਮੌਕੇ ਕੈਪਟਨ ਮੇਜਰ ਸਿੰਘ ਕੈਪਟਨ ਗੁਰਵਿੰਦਰ ਸਿੰਘ ਕੈਪਟਨ ਜੀਤ ਸਿੰਘ ਸੈਨਾ ਮੈਡਲ ਕੈਪਟਨ ਅਨਿਲ ਕੁਮਾਰ ਕੈਪਟਨ ਜਰਨੈਲ ਸਿੰਘ ਸੂਬੇਦਾਰ ਕਿਸ਼ਨ ਸਿੰਘ ਸੂਬੇਦਾਰ ਸੁਰਜੀਤ ਸਿੰਘ ਸੂਬੇਦਾਰ ਸ਼ਾਮ ਸਿੰਘ ਸੂਬੇਦਾਰ ਸ਼ਿੰਗਾਰਾ ਸੂਬੇਦਾਰ ਸੁਰਜੀਤ ਸਿੰਘ ਸਿੰਘ ਸੋਮ ਦੱਤ , ਚੰਨਣ ਸਿੰਘ ਜਸਪਾਲ ਸਿੰਘ ਸਤਨਾਮ ਸਿੰਘ ਰਾਜੇਸ ਕੁਮਾਰ ਦੇਸ ਰਾਜ ਬੂਟਾ ਸਿੰਘ ਪ੍ਰਗਟ ਸਿੰਘ ਤੇਜ ਰਜਿੰਦਰ ਸਿੰਘ ਹਰਭਜਨ ਸਿੰਘ ਮਹਿੰਦਰ ਸਿੰਘ ਜਰਨੈਲ ਸਿੰਘ ਬੱਗਾ ਅਜੀਤ ਸਿੰਘ ਸੁਰਿੰਦਰ ਸਿੰਘ ਅਤੇ 200 ਮੈਂਬਰ ਹਾਜਰ ਸਨ।

**ਮਾਹਿਲਪੁਰ , (ਨਿਰਮਲ ਸਿੰਘ ਮੁੱਗੋਵਾਲ)**—ਅਜ਼ਾਦੀ ਦਿਵਸ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਨਿਵਾਸੀਆਂ ਨੇ ਸਾਂਝੇ ਤੌਰ 'ਤੇ ਮੇਨ ਚੌਕ ਮਾਹਿਲਪੁਰ ਵਿਖੇ ਲੱਡੂ ਵੰਡੇ ਅਤੇ ਤਿਰੰਗੇ ਝੰਡੇ ਦੇ ਸਨਮਾਨ ਹਿੱਤ ਨਾਅਰੇ ਲਗਾਏ। ਨਿਰਮਲ ਸਿੰਘ ਸੰਚਾਲਕ ਨਿਰਵਾਨ ਕੁਟੀਆ ਮਾਹਿਲਪੁਰ, ਸੀਮਾ ਰਾਣੀ ਬੋਧ ਪ੍ਰਧਾਨ ਜੈ ਭੀਮ ਕਾਰਵਾ ਚੈਰੀਟੇਬਲ ਸੁਸਾਇਟੀ ਰਜਿਸਟਰ ਮਾਹਿਲਪੁਰ, ਸੁਖਵਿੰਦਰ ਸਿੰਘ ਰਿਟਾਇਰ ਬੈਂਕ ਮੁਲਾਜਮ, ਸਵਾਮੀ ਰਾਜਿੰਦਰ ਰਾਣਾ, ਅਮਰਜੀਤ ਸੰਧੀ, ਰੇਖਾ ਰਾਣੀ, ਜਸਵਿੰਦਰ ਕੌਰ, ਮਨਜੀਤ ਕੌਰ, ਰਾਜ ਰਾਣੀ, ਗੀਨਾ ਰਾਣੀ, ਧਰਮ ਸਿੰਘ ਫੌਜੀ, ਨੰਬਰਦਾਰ ਸੋਮੀ, ਆਸੀਸ ਪ੍ਰਭਾਕਾਰ, ਲਵਲੀ ਪ੍ਰਧਾਨ ਦੁਕਾਨਦਾਰ ਯੂਨੀਅਨ ਮਾਹਿਲਪੁਰ, ਪੰਡਤ ਨਰਿੰਦਰ ਮੋਹਨ ਨਿੰਦੀ ਚੇਅਰਮੈਨ ਦੁਕਾਨਦਾਰ ਯੂਨੀਅਨ, ਗੁਰਦਿਆਲ ਸਿੰਘ ਮੁੱਗੋਵਾਲ, ਬਲਵਿੰਦਰ ਮਰਵਾਹਾ, ਤਰਸੇਮ ਭਾਅ ਆਦਿ ਹਾਜਰ ਸਨ। ਸਾਥੀਆਂ ਨੇ ਦੇਸ਼ ਦੀ ਅਜ਼ਾਦੀ ਵਿੱਚ ਕੁਰਬਾਨ ਹੋਣ ਵਾਲੇ ਸਮੁੱਚੇ ਦੇਸ਼ ਭਗਤਾਂ ਨੂੰ ਪ੍ਰਣਾਮ ਕੀਤਾ ਅਤੇ ਦੇਸ਼ ਵਾਸੀਆਂ ਦੀ ਤਰੱਕੀ ਦੀ ਕਾਮਨਾ ਕੀਤੀ। ਸਾਥੀਆਂ ਨੇ ਰਾਸ਼ਟਰੀ ਝੰਡਾ ਫੜ ਕੇ ਮਾਰਚ ਵੀ ਕੱਢਿਆ।

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਦੋਆਬਾ ਦੇ ਨਗਰ ਕੌਂਸਲ ਦਫਤਰ ਵਿਖੇ ਅਜਾਦੀ ਦਿਵਸ ਬਹੁਤ ਉਤਸ਼ਾਹ ਪੂਰਵਕ ਮਨਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ ਆਦਮਪੁਰ ਹਲਕੇ ਦੇ ਐਮ ਐਲ ਏ ਸੁਖਵਿੰਦਰ ਸਿੰਘ ਕੋਟਲੀ ਵਲੋਂ ਰਾਸ਼ਟਰੀ ਤਿਰੰਗਾ ਝੰਡਾ ਲਹਿਰਾਇਆ ਗਿਆ ਅਤੇ ਸੁਤੰਤਰਤਾ ਦਿਵਸ ਦੀ ਵਧਾਈ ਦਿੱਤੀ ਗਈ। ਆਦਮਪੁਰ ਪੁਲਸ ਦੇ ਜਵਾਨਾਂ ਵੱਲੋਂ ਵੀ ਝੰਡੇ ਨੂੰ ਸਲਾਮੀ ਦਿੱਤੀ ਗਈ! ਇਸ ਮੌਕੇ ਨਗਰ ਕੌਂਸਲ ਦੇ ਈ ਓ ਰਾਮਜੀਤ, ਨਗਰ ਕੌਂਸਲ ਦੇ ਪ੍ਰਧਾਨ ਦਰਸ਼ਨ ਸਿੰਘ ਕਰਨਲ, ਸਮੂਹ ਕਮੇਟੀ ਮੈਂਬਰ ਅਤੇ ਸ਼ਹਿਰ ਦੇ ਪਤਵੰਤੇ ਹਾਜਰ ਸਨ।

ਇਸੇ ਤਰ੍ਹਾਂ ਦੇਸ਼ ਦਾ ਸੁਤੰਤਰਤਾ ਦਿਵਸ ਸਮਾਰੋਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਦਮਪੁਰ ਵਿਖੇ ਉਤਸਾਹ ਪੂਰਵਕ ਮਨਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਐੱਸ.ਡੀ.ਐੱਮ. ਆਦਮਪੁਰ ਸ੍ਰੀਮਤੀ ਪਿੰਕੀ ਦੇਵੀ ਨੇ ਝੰਡਾ ਲਹਿਰਾਇਆ। ਇਸ ਉਪਰੰਤ ਖੁਰਦਪੁਰ ਸਕੂਲ, ਸੈਕੰਡਰੀ ਸਕੂਲ ਆਦਮਪੁਰ, ਪੰਡੋਰੀ ਸਕੂਲ,ਐੱਮ.ਆਰ. ਆਦਮਪੁਰ ਤੇ ਢੋਲਤਾਲ ਲੋਕਨਾਚ ਅਕੈਡਮੀ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਤੇ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਪੇਸ਼ਕਾਰੀਆਂ ਕੀਤੀਆਂ। ਸੁਤੰਤਰਤਾ ਸੰਗਰਾਮੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਜੀਤ ਲਾਲ ਭੱਟੀ, ਪ੍ਰਿੰਸੀਪਲ ਰਾਮ ਆਸਰਾ, ਤਹਿਸੀਲਦਾਰ ਮੈਡਮ ਸੁਖਬੀਰ ਕੌਰ,ਡੀ.ਐੱਸ.ਪੀ. ਵਿਜੈ ਕੰਵਰਪਾਲ,ਐਮ.ਪੀ ਸੁਸ਼ੀਲ ਰਿੰਕੂ ਦੇ ਪ੍ਰਤੀਨਿਧੀ ਨਾਸਿਰ ਸੁਲੇਮਾਨੀ, ਚੈਅਰਮੈਨ ਪਰਮਜੀਤ ਸਿੰਘ, ਸਰਕਲ ਪ੍ਰਧਾਨ ਤਿਰਲੋਕ ਸਿੰਘ, ਚੈਅਰਮੈਨ ਬਰਕਤ ਰਾਮ, ਆਦਮਪੁਰ ਦੀ ਸੀਨੀਅਰ ਲੀਡਰਸ਼ਿਪ,ਥਾਣਾ ਮੁਖੀ ਆਦਮਪੁਰ ਤੇ ਭੋਗਪੁਰ,ਨਾਇਬ ਤਹਿਸੀਲਦਾਰ ਹਰਮਿੰਦਰ ਸਿੰਘ, ਕੌਂਸਲਰ ਮਿਉਂਸਪਲ ਕਮੇਟੀ ਤੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਹਾਜਰ ਸਨ। ਸਟੇਜ ਸਕੱਤਰ ਦੀ ਭੂਮਿਕਾ ਲੈਕਚਰਾਰ ਗੁਰਿੰਦਰ ਸਿੰਘ ਅਤੇ ਲੈਕਚਰਾਰ ਲਖਵਿੰਦਰ ਰਾਮ ਵਲੋਂ ਨਿਭਾਈ ਗਈ।

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਚਾਣਥੂ ਬ੍ਰਾਹਮਣਾਂ ਦੇ ਸਕੂਲ ਵਿੱਚ ਚੇਅਰਮੈਨ ਪੰਜਾਬ ਹਰਮਿੰਦਰ ਸਿੰਘ ਸੰਧੂ, ਸਮੂਹ ਪੰਚਾਇਤ ਮੈਂਬਰ ਸਰਪੰਚ ਅਤੇ ਹੋਰਨਾਂ ਵੱਲੋ ਆਜ਼ਾਦੀ ਘੁਲਾਟੀਆਂ ਦੀ ਯਾਦ ਵਿੱਚ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਸਾਰੇ ਨਗਰ ਵੱਲੋ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਬੁੱਤਾਂ 'ਤੇ ਫੁੱਲ ਮਾਲਾਵਾਂ ਪਹਿਨਾਈਆਂ ਗਈਆਂ ਅਤੇ ਸਕੂਲ ਸਟਾਫ ਅਤੇ ਹੋਣ ਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਚੇਅਰਮੈਨ ਨੇ ਇਲਾਕੇ ਵੱਲੋ ਰੱਖੀਆਂ ਗਈਆਂ ਮੰਗਾਂ ਨੂੰ ਮੌਕੇ 'ਤੇ ਪ੍ਰਵਾਨ ਕਰਦਿਆਂ ਸਾਰ ਹੀ ਮਨਜ਼ੂਰੀ ਦੇ ਦਿੱਤੀ। ਇਸ ਮੌਕੇ ਮੋਹਣ ਲਾਲ ਚਿਤੋਂ, ਜਸਵੀਰ ਸਿੰਘ ਜੱਲੋਵਾਲ, ਹਰਦੀਪ ਸਿੰਘ ਲੌਂਗੀਆ, ਭੁਪਿੰਦਰ ਸਿੰਘ ਬਲਾਕ ਪ੍ਰਧਾਨ, ਸਾਗਰ ਪਾਠਣੀਆਂ ਬਲਾਕ ਪ੍ਰਧਾਨ, ਪ੍ਰਤਿਪਾਲ ਸਿੰਘ ਪੱਟੀ, ਸੂਬੇਦਾਰ ਲਸ਼ਵੀਰ ਸਿੰਘ ਅਤੇ ਹੋਰ ਹਾਜ਼ਰ ਸਨ।

ਇਸੇ ਤਰ੍ਹਾਂ ਲਾਇਨਜ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾਂ ਕੋਹਿਨੂਰ 321 ਡੀ ਦੇ ਪ੍ਰਧਾਨ ਲਾਇਨ ਮੁਖਤਿਆਰ ਸਿੰਘ ਧਾਲੀਵਾਲ ਸਾਬਕ ਸੂਬਾਈ ਪ੍ਰਧਾਨ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ,ਜ਼ਿਲ੍ਹਾ ਪ੍ਰਧਾਨ ਹਰਜੋਧ ਸਿੰਘ, ਸੂਬਾ ਕਮੇਟੀ ਮੈਂਬਰ ਸੁਰਿੰਦਰ ਸਿੰਘ ਹੀਰ , ਸੁਖਦੇਵ ਸਿੰਘ ਸਾਬਕ ਮੀਤ ਪ੍ਰਧਾਨ, ਸਾਬਕਾ ਸੈਨਿਕ ਕੁਲਵਿੰਦਰ ਸਿੰਘ, ਦਰਸ਼ਨ ਸਿੰਘ ਵੱਲੋ ਦੇਸ਼ ਦੀ ਅਜਾਦੀ ਵਾਸਤੇ ਪ੍ਰਾਣ ਨਿਸ਼ਾਵਰ ਕਰਨ ਵਾਲੇ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਏ, ਰਾਸ਼ਟਰੀ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ ਗਈ । ਦੇਸ਼ ਦੀ ਵੰਡ ਹੋਣ ਕਾਰਨ ਮਾਰੇ ਗਏ, 10 ਲਖ ਬੇਗੁਨਾਹ ਮਾਸੂਮ ਬੱਚਿਆਂ, ਔਰਤਾਂ , ਨੌਜਵਾਨਾਂ , ਬਜ਼ੁਰਗਾਂ ਨੂੰ ਸ਼ਰਧਾਂਜ਼ਲੀ ਭੇਟ ਕਰਦਿਆਂ ਮਨੀਪੁਰ ਵਿੱਚ ਵਾਪਰੀਆਂ ਅਣਮਨੁੱਖੀ ਘਟਨਾਵਾਂ ਵਿੱਚ ਮਾਰੇ ਗਏ ਬੇਗੁਨਾਹ ਵੀਰ, ਭੈਣਾਂ , ਬਜੁਰਗਾਂ ਦੇ ਕਾਤਲਾਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ । ਹਰ ਮਨੁੱਖ ਲਈ ਰੋਜ਼ਗਾਰ ਮੁਹੱਈਆ ਕਰਵਾਉਣ ਅਤੇ ਬਿਨਾਂ ਭੇਦਭਾਵ ਤੋ ਇਨਸਾਫ ਦੇਣ ਨਾਲ ਹੀ ਸਹੀ ਅਰਥਾਂ 'ਚ ਦੇਸ਼ ਅਜਾਦ ਮੰਨਿਆ ਜਾਵੇਗਾ । ਲੋਕਾਂ ਵਾਸਤੇ ਵਧੀਆ ਸਿਹਤ ਸਹੂਲਤਾਂ ਅਤੇ ਸਿੱਖਿਆ ਪ੍ਰਦਾਨ ਕਰਨਾ , ਅਜ਼ਾਦੀ ਨੂੰ ਸਹੀ ਅਰਥ ਪ੍ਰਦਾਨ ਕਰਨ ਵਾਸਤੇ ਜਰੂਰੀ ਹੈ । ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਸੁੱਟ ਖਤਮ ਕਰਕੇ ਹੀ , ਅਸੀਂ ਅਜਾਦ ਦੇਸ਼ ਦੇ ਵਾਸੀ ਹੋਣ ਦਾ ਮਾਣ ਮਹਿਸੂਸ ਕਰ ਸਕਾਂਗੇ ।

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**—ਨਗਰ ਨਿਗਮ ਹੁਸ਼ਿਆਰਪੁਰ ਵਿਖੇ 77ਵਾਂ ਸੁਤੰਤਰਤਾ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਅਤਿ-ਮਹੱਤਵਪੂਰਨ ਸਮਾਰੋਹ ਵਿਚ ਨਗਰ ਨਿਗਮ ਦੇ ਵੱਖ-ਵੱਖ ਅਧਿਕਾਰੀਆਂ, ਕਰਮਚਾਰੀਆਂ ਅਤੇ ਯੂਨੀਅਨਾਂ ਦੇ ਪ੍ਰਧਾਨਾਂ ਤੇ ਅਹੁਦੇਦਾਰਾਂ ਅਤੇ ਵੱਖ-ਵੱਖ ਮਿਊਂਸਪਲ ਕੌਂਸਲਰਾਂ ਵਲੋਂ ਭਾਗ ਲਿਆ ਗਿਆ। ਨਗਰ ਨਿਗਮ ਵਿਖੇ ਮੇਅਰ ਸੁਰਿੰਦਰ ਕੁਮਾਰ ਵਲੋਂ ਰਾਸ਼ਟਰੀ ਝੰਡਾ ਲਹਿਰਾਇਆ ਗਿਆ ਅਤੇ ਰਾਸ਼ਟਰੀ ਗੀਤ ਦਾ ਗਾਇਨ ਕੀਤਾ ਗਿਆ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਪਰਵੀਨ ਲਤਾ ਸੈਣੀ, ਡਿਪਟੀ ਮੇਅਰ ਰਣਜੀਤਾ ਚੌਂਧਰੀ, ਸਹਾਇਕ ਕਮਿਸ਼ਨਰ ਸੰਦੀਪ ਤਿਵਾੜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸਮਾਗਮ ਦੌਰਾਨ ਮੇਅਰ ਨਗਰ ਨਿਗਮ ਨੇ ਸੰਬੋਧਨ ਕਰਦਿਆਂ ਸਮੂਹ ਸ਼ਹਿਰ ਵਾਸੀਆਂ ਨੂੰ ਸੁਤੰਤਰਤਾ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਸ਼ਹੀਦਾਂ ਨੂੰ ਯਾਦ ਕੀਤਾ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ ਕਿ ਸ਼ਹਿਰ ਨੂੰ ਸਾਫ-ਸੁਥਰਾ ਅਤੇ ਸਵੱਛ ਰੱਖਣ ਲਈ ਉਹ ਨਗਰ ਨਿਗਮ ਦਾ ਸਾਥ ਦੇਣ ਅਤੇ ਆਪਣੇ ਘਰ ਤੋਂ ਹੀ ਗਿੱਲਾ ਕੂੜਾ, ਸੁੱਕਾ ਕੂੜਾ ਅਲੱਗ-ਅਲੱਗ ਕਰਕੇ ਸਫਾਈ ਸੇਵਕਾਂ ਨੂੰ ਦੇਣ ਲਈ ਕਿਹਾ।

ਇਸੇ ਤਰ੍ਹਾਂ ਰੋਟਰੀ ਕਲੱਬ ਆਫ ਹੁਸ਼ਿਆਰਪੁਰ ਵਲੋਂ ਪ੍ਰਧਾਨ ਯੋਗੇਸ਼ ਚੰਦਰ ਅਤੇ ਸਕੱਤਰ ਰਾਜਿੰਦਰ ਮੋਦਗਿਲ ਦੀ ਪ੍ਰਧਾਨਗੀ ਵਿੱਚ 77ਵਾਂ ਆਜ਼ਾਦੀ ਦਿਵਸ ਪੀ.ਡੀ.ਆਰੀਆ ਮਹਿਲਾ ਸਕੂਲ ਹੁਸ਼ਿਆਰਪੁਰ ਵਿਖੇ ਮਨਾਇਆ ਗਿਆ। ਜਿਸ ਵਿੱਚ ਸਾਰੇ ਕਲੱਬ ਮੈਂਬਰਾਂ, ਸਕੂਲ ਸਟਾਫ ਅਤੇ ਬੱਚਿਆਂ ਨੇ ਭਾਗ ਲਿਆ। ਸਕੂਲ ਪ੍ਰਿੰਸੀਪਲ ਟਿਮਾਟਨੀ ਆਹਲੂਵਾਲੀਆ ਨੇ ਰੋਟਰੀ ਕਲੱਬ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਬੱਚਿਆਂ ਨਾਲ ਆਜ਼ਾਦੀ ਮਨਾਉਣ ਦੇ ਲਈ ਧੰਨਵਾਦ ਪ੍ਰਗਟ ਕੀਤਾ। ਸਭ ਤੋਂ ਪਹਿਲਾਂ ਰਾਸ਼ਟਰੀ ਤਿਰੰਗਾ ਫਹਿਰਾਇਆ ਗਿਆ ਅਤੇ ਸਾਰਿਆਂ ਨੇ ਰਾਸ਼ਟਰੀ ਗੀਤ ਗਾਇਆ। ਦੇਸ਼ ਭਗਤੀ ਦੇ ਨਾਰ੍ਹੇ ਲਗਾਏ ਅਤੇ ਬੱਚਿਆਂ ਨੇ ਦੇਸ਼ ਭਗਤੀ ਦੀਆਂ ਆਈਟਮਾਂ ਪੇਸ਼ ਕੀਤੀਆਂ। ਆਪਣੇ ਸੰਬੋਧਨ ਵਿੱਚ ਸਾਬਕਾ ਪ੍ਰਧਾਨ ਰਾਜਿੰਦਰ ਮੋਦਗਿਲ ਨੇ ਦੱਸਿਆ ਕਿ ਇਹ ਆਜ਼ਾਦੀ ਦਾ ਮਜ਼ਾ ਅਸੀਂ ਹਜ਼ਾਰਾਂ ਦੇਸ਼ ਭਗਤਾਂ ਦੀਆ ਕੁਰਬਾਨੀਆਂ ਦੇ ਸਦਕਾ ਹੀ ਲੈ ਰਹੇ ਹਾਂ ਅਤੇ ਆਜ਼ਾਦੀ ਦੇ 76 ਸਾਲਾਂ ਤੋਂ ਬਾਅਦ ਹਰ ਖੇਤਰ ਨੇ ਵਿਸ਼ਾਲ ਉਨੱਤੀ ਕੀਤੀ ਹੈ ਅਤੇ ਸਾਡਾ ਦੇਸ਼ ਅਗਲੇ ਇਕ-ਦੋ ਸਾਲਾਂ ਵਿੱਚ ਤੀਜੀ ਵਿਸ਼ਵ ਆਰਥਿਕ ਸ਼ਕਤੀ ਬਣ ਜਾਵੇਗਾ। ਇਸ ਮੌਕੇ ਤੇ ਰੋਟਰੀ ਕਲੱਬ ਵਲੋਂ ਪ੍ਰਧਾਨ ਯੋਗੇਸ਼ ਚੰਦਰ, ਸਕੱਤਰ ਰਾਜਿੰਦਰ ਮੋਦਗਿਲ, ਨਰੇਸ਼ ਜੈਨ, ਮੈਡਮ ਓਮ ਕਾਂਤਾ, ਸੰਜੀਵ ਕੁਮਾਰ, ਵਿਸ਼ਾਲ ਸੈਣੀ ਅਤੇ ਸਕੂਲ ਪ੍ਰਿੰਸੀਪਲ ਟਿਮਾਟਨੀ ਆਹਲੂਵਾਲੀਆ ਅਤੇ ਸਾਰਾ ਸਟਾਫ ਅਤੇ ਬੱਚੇ ਮੌਜੂਦ ਸਨ।

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਭਾਰਤ ਦੀ ਆਜ਼ਾਦੀ ਦੇ ਦਿਨ ਆਰੀਆ ਸਿਖਿਆ ਸੰਸਥਾਵਾਂ ਨੂਰਮਹਿਲ ਨੇ ਦੇਸ਼ ਭਗਤੀ ਦਾ ਇਕ ਸੰਸਕ੍ਰਿਤਿਕ ਪ੍ਰੋਗਰਾਮ ਕੀਤਾ ਜਿਸ ਵਿਚ ਸ਼ਬਦ ਗਾਨ ਤੋਂ ਬਾਅਦ ਨਕੋਦਰ ਤੋਂ ਵਿਦਿਆਕਾ ਇੰਦਰਜੀਤ ਕੌਰ ਮਾਨ ਨੇ ਸਕੂਲ ਅਤੇ ਕਾਲਜ ਦੇ ਪ੍ਰਬੰਧਕੀ ਮੈਂਬਰਾਂ ਅਤੇ ਅਧਿਆਪਕਾਂ ਸਹਿਤ ਰਾਸ਼ਟਰੀ ਝੰਡਾ ਲਹਿਰਾਇਆ ਅਤੇ ਸਲਾਮੀ ਦਿੱਤੀ। ਪ੍ਰਧਾਨ ਓਮ ਪ੍ਰਕਾਸ਼ ਕੁੰਦੀ ਨੇ ਕਿਹਾ ਕੇ ਅੱਜ ਅਜਾਦੀ ਲਈ ਆਪਣੀ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ ਸਲਾਮੀ ਦੇਣ ਦਾ ਦਿਹਾੜਾ ਹੈ। ਆਰੀਆ ਸਿੱਖਿਆ ਸੰਸਥਾਵਾਂ ਨੂਰਮਹਿਲ ਪਿਛਲੇ 123 ਸਾਲਾਂ ਤੋਂ ਸਥਾਨਕ ਲੋਕਾਂ ਨੂੰ ਸਿੱਖਿਆ ਦੇ ਰਹੀ ਹੈ ਅਤੇ ਇਥੋਂ ਪੜ੍ਹੇ ਕਈ ਵਿਦਿਆਰਥੀ ਭਾਰਤ ਅਤੇ ਵਿਦੇਸ਼ਾਂ ਵਿਚ ਆਪਣੇ ਹੁਨਰ ਨਾਲ ਨਾਮ ਕਮਾ ਰਹੇ ਹਨ। ਇਸ ਮੌਕੇ ਸਾਬਕਾ ਐਮ ਐਲ ਏ ਗੁਰਪ੍ਰਤਾਪ ਸਿੰਘ ਵਡਾਲਾ,ਕਾਂਗਰਸ ਪਾਰਟੀ ਦੇ ਡਾ.ਨਵਜੋਤ ਦਾਹੀਆ, ਪੀ ਸੀ ਐਸ ਸ਼੍ਰੀਮਤੀ ਅੰਜਲੀ ਸੇਖਰੀ ਅਤੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵਲੋਂ ਸਵਾਮੀ ਸਰਵੇਸ਼ਵਰਾ ਨੰਦ ਵੀ ਸ਼ਾਮਿਲ ਹੋਏ ਅਤੇ ਦੇਸ਼ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਯਾਦ ਕਰਦੇ ਹੋਏ ਸਲਾਮੀ ਦਿੱਤੀ। ਇਸ ਮੌਕੇ ਪੰਡਿਤ ਪੁਰਸ਼ੋਤਮ ਲਾਲ , ਸੁਭਾਸ਼ ਸੇਖਰੀ , ਐਮ ਸੀ ਦੀਪਕ ਅਤੇ ਹੋਰ ਵੀ ਬਹੁਤ ਸਾਰੇ ਲੋਕ ਸ਼ਾਮਿਲ ਹੋਏ। ਮੰਚ ਸੰਚਾਲਣ ਮਨਜੀਤ ਕੁਮਾਰ ਅਤੇ ਕੁਮਾਰੀ ਨਿਤਿਕਾ ਚਾਨਣ ਨੇ ਨਿਭਾਇਆ।

**ਸੁਲਤਾਨਪੁਰ ਲੋਧੀ, (ਹਨੀ)**- ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਸਟਾਫ਼ ਮੈਂਬਰਾਂ ਦੀ ਅਗਵਾਈ ਵਿਚ ਵਿਦਿਆਰਥੀਆਂ ਵਲੋਂ ਸੁਤੰਤਰਤਾ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਵਲੋਂ ਦੇਸ਼ ਭਗਤੀ ਗੀਤ, ਸਕਿੱਟਾਂ, ਭਾਸ਼ਣ ਅਤੇ ਕੋਰੀਓਗ੍ਰਫੀ ਰਾਹੀਂ ਸਮਾਗਮ ਵਿਚ ਭਾਗ ਲਿਆ। ਸਕੂਲ ਦੇ ਐਮ ਡੀ ਮੈਡਮ ਨਵਦੀਪ ਕੌਰ ਢਿੱਲੋਂ ਅਤੇ ਵਾਈਸ ਪ੍ਰਿੰਸੀਪਲ ਮੈਡਮ ਬਲਜੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਸੁਤੰਤਰਤਾ ਦਿਵਸ ਦੀ ਵਧਾਈ ਦਿੱਤੀ ਗਈ ਅਤੇ ਬੱਚਿਆਂ ਨੂੰ ਆਪਣੇ ਦੇਸ਼ ਦੇ ਪ੍ਰਤੀ ਵਫਾਦਾਰੀ ਅਤੇ ਸਨਮਾਨ ਦੀ ਭਾਵਨਾ ਨੂੰ ਵਧਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਐਕਟੀਵਿਟੀ ਇੰਚਾਰਜ ਮੈਡਮ ਮੀਰਾ ਪੂਰੀ, ਕੋਆਰਡੀਨੇਟਰ ਮੈਡਮ ਰਵਿੰਦਰਜੀਤ ਕੌਰ ਆਦਿ ਸਟਾਫ ਮੈਂਬਰ ਹਾਜਰ ਸਨ।

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿੱਖੇ ਆਜ਼ਾਦੀ ਦਾ ਤਿਉਹਾਰ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਧੂਮਧਾਮ ਨਾਲ ਮਨਾਇਆ ਗਿਆ। ਅਜਾਦੀ ਮਹਾਂਉਤਸਵ ਤਹਿਤ ਪੂਰੇ ਕੈਂਪਸ ਨੂੰ ਤਿਰੰਗੇ, ਝੰਡਿਆਂ ਅਤੇ ਗੁਬਾਰਿਆਂ ਨਾਲ ਸਜਾਇਆ ਗਿਆ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਵੱਲੋਂ ਤਿਰੰਗਾ ਝੰਡਾ ਲਹਿਰਾ ਕੇ ਕੀਤੀ ਗਈ। ਗਿਆਰਵੀਂ ਜਮਾਤ ਦੀ ਵਿਦਿਆਰਥਣ ਸ਼ੁਭਨੀਤ ਕੌਰ ਨੇ ਮੰਚ ਸੰਚਾਲਨ ਕੀਤਾ ਅਤੇ ਪਲਕਪ੍ਰੀਤ ਕੌਰ ਨੇ ਕਵਿਤਾ ਗਾ ਕੇ ਸਮਾਂ ਬੰਨ੍ਹਿਆ। ਅੱਠਵੀਂ ਜਮਾਤ ਦੀ ਯੇਸਮੀਨ ਨੇ ਹਿੰਦੀ ਭਾਸਾ ਵਿਚ ਦੇਸ ਦੀ ਅਖੰਡਤਾ ਦਾ ਗੁਣਗਾਨ ਕੀਤਾ। ਵਿਦਿਆਰਥੀਆਂ ਵੱਲੋਂ ਦੇਸ਼ ਨੂੰ ਅਜਾਦ ਕਰਵਾਉਣ ਵਾਲਿਆਂ ਅਤੇ ਦੇਸ਼ ਦੇ ਸੰਵਿਧਾਨ ਪ੍ਰਤੀ ਦੇਸ਼-ਭਗਤੀ ਅਤੇ ਸਤਿਕਾਰ ਸੰਬੰਧੀ ਗੀਤ ਦਾ ਗਾਣ ਕੀਤਾ ਗਿਆ। ਇਸ ਜਸਨ ਵਿੱਚ ਪ੍ਰੀ-ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ। ਛੋਟੇ-ਛੋਟੇ ਬੱਚਿਆਂ ਵੱਲੋਂ ਤਿਰੰਗੇ ਝੰਡੇ ਬਣਾਏ ਗਏ । ਵਿਦਿਆਰਥੀਆਂ ਨੇ ਕ੍ਰਮਵਾਰ ਰਾਸ਼ਟਰੀ ਝੰਡੇ ਅਤੇ ਤਿਰੰਗੇ ਬੈਜ ਬਣਾਏ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਅੰਗਰੇਜਾਂ ਵਿਰੁੱਧ ਆਜਾਦੀ ਦੀ ਲੜਾਈ ਅਤੇ 15 ਅਗਸਤ ਦਾ ਮਹੱਤਵ ਦੱਸਿਆ ਗਿਆ। ਪ੍ਰਿੰਸੀਪਲ ਸ੍ਰੀਮਤੀ ਰੇਣੂ ਅਰੋੜਾ ਨੇ ਆਜਾਦੀ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਇਸ ਮੌਕੇ ਮੈਡਮ ਸ਼ੀਲਾ ਦੇਵੀ, ਨੀਤੂ, ਸੁਨੀਤਾ ਗੁਜਰਾਲ, ਹੋਸ਼ਿਆਰ ਸਿੰਘ, ਸੁਖਜੀਤ ਸਿੰਘ, ਸੁਨੀਤਾ, ਰੁਪਿੰਦਰ ਕੌਰ, ਮਨਜੀਤ ਕੌਰ, ਸੁਖਵਿੰਦਰ ਕੁਮਾਰੀ, ਸੋਨੀਆਂ, ਨਵਰੀਤ ਕੌਰ, ਮੋਨਿਕਾ ਗਿੱਲ, ਬਲਵਿੰਦਰ ਕੌਰ, ਕਵਿਤਾ, ਜਸਪ੍ਰੀਤ ਕੌਰ, ਕਰਨਜੀਤ ਸਿੰਘ, ਪਰਮਜੀਤ ਕੌਰ, ਪੂਜਾ ਜੌਲੀ, ਸੀਮਾ, ਸਵੇਤਾ, ਬਲਜੀਤ ਕੌਰ, ਸ਼ਬਨਮ, ਨੇਹਾ, ਨਿਸਕਾ ਗੁਪਤਾ, ਰਮਨ ਬਾਲਾ, ਰਮਨਦੀਪ ਕੌਰ,ਸਿਮਰਨਜੀਤ ਕੌਰ, ਕੋਮਲ, ਸਿਮਰਨ, ਅਪੁਲ ਕਾਲਾ, ਸੁੱਚਾ ਸਿੰਘ, ਬਲਵਿੰਦਰ ਕੌਰ ਆਦਿ ਸਟਾਫ ਮੈਂਬਰ ਹਾਜਰ ਸਨ।



ਦੋ ਛੋਟੇ ਬੱਚੇ ਸੁਲਤਾਨ ਸਿੰਘ ਅਤੇ ਸ਼ੁੱਭਜੋਤ ਸਿੰਘ ਵਾਸੀ ਨੱਤ (ਫਿਲੌਰ) ਕੌਮੀ ਝੰਡਾ ਹੱਥ ਵਿੱਚ ਫੜ ਕੇ ਅਜ਼ਾਦੀ ਦਿਹਾੜਾ ਮਨਾਉਂਦੇ ਹੋਏ। (ਫੋਟੋ ਤੇ ਵੇਰਵਾ - ਨਿਰਮਲ, ਫਿਲੌਰ)

**ਸ਼ਾਹਕੋਟ (ਗਿਆਨ ਸੈਦਪੁਰੀ)** ਤਹਿਸੀਲ ਕੰਪਲੈਕਸ ਸ਼ਾਹਕੋਟ ਵਿਖੇ ਮਨਾਏ ਗਏ ਸੁਤੰਤਰਤਾ ਦਿਵਸ ਮੌਕੇ ਰਿਸ਼ਭ ਬਾਂਸਲ ਪੀ. ਸੀ. ਐਸ. ਸਬ ਡਵੀਜਨਲ ਮੈਜਿਸਟ੍ਰੇਟ ਸ਼ਾਹਕੋਟ ਨੇ ਕੌਮੀ ਝੰਡਾ ਲਹਿਰਾਇਆ। ਸਬ-ਡਵੀਜਨ ਦੇ ਲੋਹੀਆਂ ਖੇਤਰ ਵਿੱਚ ਹੜ੍ਹਾਂ ਦੀ ਮਾਰ ਦੇ ਮੱਦੇਨਜ਼ਰ ਸਮਾਗਮ ਝੰਡਾ ਲਹਿਰਾਉਣ ਦੀ ਰਸਮ, ਝੰਡੇ ਨੂੰ ਸਲਾਮੀ, ਮੁੱਖ ਮਹਿਮਾਨ ਦਾ ਸੰਦੇਸ਼ ਅਤੇ ਰਾਸ਼ਟਰੀ ਗੀਤ ਤੱਕ ਸੀਮਤ ਰੱਖਿਆ ਗਿਆ। ਝੰਡੇ ਨੂੰ ਸਲਾਮੀ ਪਲਟੂਨ ਕਮਾਂਡਰ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਦਿੱਤੀ ਗਈ। ਰਾਸ਼ਟਰੀ ਗੀਤ ਸੀਨੀਅਰ ਸੈਕੰਡਰੀ ਸਕੂਲ ਮੂਲੇਵਾਲ ਖਹਿਰਾ ਦੀਆਂ ਵਿਦਿਆਰਥਣਾਂ ਨੇ ਪੇਸ਼ ਕੀਤਾ। ਇਸ ਮੌਕੇ ਡੀ. ਐਸ. ਪੀ. ਸ਼ਾਹਕੋਟ ਨਰਿੰਦਰ ਸਿੰਘ ਔਜਲਾ, ਤਹਿਸੀਲਦਾਰ ਸ਼ਾਹਕੋਟ ਹਰਮਿੰਦਰ ਸਿੰਘ ਸੰਧੂ, ਨਾਇਬ ਤਹਿਸੀਲਦਾਰ ਗੁਰਦੀਪ ਸਿੰਘ, ਨਾਇਬ ਤਹਿਸੀਲਦਾਰ ਲੋਹੀਆਂ ਖਾਸ ਰਾਮ ਚੰਦ, ਕਾਰਜ ਸਾਧਕ ਅਫਸਰ ਲੋਹੀਆਂ ਚਰਨ ਦਾਸ, ਬੀ. ਡੀ. ਪੀ. ਓ. ਸ਼ਾਹਕੋਟ ਮਨਜੀਤ ਕੌਰ ਅਤੇ ਸਬ- ਡਵੀਜਨ ਦੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ। ਸਮਾਗਮ ਵਿੱਚ 'ਆਪ' ਦੇ ਹਲਕਾ ਇੰਚਾਰਜ ਰਤਨ ਸਿੰਘ ਕਾਕੜ ਕਲਾਂ ਅਤੇ ਉਨ੍ਹਾਂ ਦੀ ਪਤਨੀ ਰਣਜੀਤ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਟੇਜ ਸੰਚਾਲਨ ਮਾਸਟਰ ਸੁਰਿੰਦਰ ਕੁਮਾਰ ਵਿੱਗ ਨੇ ਕੀਤਾ। ਇਸੇ ਦੌਰਾਨ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਨੇ ਵੀ ਹਾਜਰੀਨ ਨੂੰ ਆਜਾਦੀ ਦਿਵਸ ਦੀ ਵਿਧਾਈ ਦਿੱਤੀ।



ਮੋਹਾਲੀ



ਕਪੂਰਥਲਾ



ਭੋਗਪੁਰ



ਜਲੰਧਰ



ਫਗਵਾੜਾ



ਟਾਂਡਾ ਉੜਮੁੜ



ਬਹਿਰਾਮ



ਜਲੰਧਰ



ਆਦਮਪੁਰ



ਮੇਹਟੀਆਣਾ



ਸ਼ਾਹਕੋਟ



ਸੁਲਤਾਨਪੁਰ ਲੋਧੀ



ਸੁਲਤਾਨਪੁਰ ਲੋਧੀ



ਹੁਸ਼ਿਆਰਪੁਰ



ਆਦਮਪੁਰ



ਨੂਰਮਹਿਲ



ਹੁਸ਼ਿਆਰਪੁਰ



ਜਲੰਧਰ



ਮਾਹਿਲਪੁਰ

